# ਪੰਜਾਬੀ ਪਰਵਾਜ਼

Punjabi Parwaz

ਅੰਕ ਸੱਤਵਾਂ (ਸ਼ਿਕਾਗੋ): 19 ਅਗਸਤ ਤੋਂ 1 ਸਤੰਬਰ 2023 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ



e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਅੱਗ ਦੇ ਮੁਹਾਂਦਰੇ: ਭਾਂਬੜ ਮੱਚਦੇ ਤਾਂ ਬੜਾ ਕੁਝ ਖੁਝਦਾ



## ਮਾਉਈ ਵਿੱਚ ਚੀਜ਼ਾਂ ਹੀ ਨਹੀਂ, ਜ਼ਿੰਦਗੀ ਦੇ ਅਹਿਸਾਸ ਵੀ ਸੜੇ

**ਕੁਲਜੀਤ ਦਿਆਲਪੁਰੀ**

**ਸ਼ਿਕਾਗੋ:** ਚਰਚਿਤ ਕਿਸੇ ਗੱਲ ਨੂੰ ਲੈ ਕੇ ਆਮ ਕਹਿ ਦਿੰਦੇ ਹਾਂ, "ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ।" ਪਰ ਜਦੋਂ ਸੱਚਮੁੱਚ ਜੰਗਲ ਦੀ ਅੱਗ ਫੈਲਦੀ ਹੈ ਤਾਂ ਉਹ ਆਪਣੀ ਲਪੇਟ ਵਿੱਚ ਆਈ ਕਿਸੇ ਸ਼ੈਅ ਨੂੰ ਨਹੀਂ ਬਖਸ਼ਦੀ; ਅੱਗ ਤਾਂ ਪਾਣੀਆਂ ਨੂੰ ਵੀ ਲੱਗ ਜਾਂਦੀ ਹੈ। ਅੱਗ ਤਾਂ ਅੱਗ ਹੈ, ਕਾਬੂ ਪਾ ਕੇ ਰੱਖ ਲਿਆ ਜਾਵੇ ਤਾਂ ਸੁਜੱਗ ਵਰਤੋਂ ਕਰ ਸਕਦੇ ਹਾਂ, ਪਰ ਕਾਬੂ ਤੋਂ ਬਾਹਰ ਹੋਈ ਨਹੀਂ ਕਿ ਤਬਾਹੀ ਦਾ ਮੰਜ਼ਰ ਸਿਰਜ ਦਿੰਦੀ ਹੈ। ਅੱਗ ਵਿੱਚ ਸਿਰਫ ਚੀਜ਼ਾਂ ਹੀ ਨਹੀਂ ਸੜਦੀਆਂ ਸਗੋਂ ਅਹਿਸਾਸ, ਸੁਪਨੇ ਤੇ ਜ਼ਿੰਦਗੀ ਦੇ ਉਹ ਸੁਨਹਿਰੇ ਪਲ ਵੀ ਸੜ-ਬਲ ਜਾਂਦੇ ਹਨ, ਜਿਨ੍ਹਾਂ ਨੂੰ ਅਸੀਂ ਜ਼ਿੰਦਗੀ ਬਸ਼ਰ ਦਾ ਸਾਧਨ ਬਣਾ ਲਿਆ ਹੁੰਦਾ ਹੈ। ਸਭ ਕੁਝ ਅੱਖਾਂ ਮੂਹਰੇ ਸੜ ਜਾਣਾ ਬੜਾ ਤਕਲੀਫਦੇਹ ਹੁੰਦਾ ਹੈ; ਕੋਲਮ ਜਿਹੇ ਦਿਲ ਉਤੇ ਵੱਡੇ ਪੱਥਰਾਂ ਦਾ ਭਾਰ ਮਹਿਸੂਸ ਹੋਣ ਲੱਗਦਾ ਹੈ ਤੇ ਸੰਸਾਰ ਦੇ ਨਜ਼ਾਰੇ ਦੇਖਦੀਆਂ ਅੱਖਾਂ ਵਿੱਚ ਅੱਗ ਦੀ ਲਾਲੀ ਉਤਰ ਆਉਂਦੀ ਹੈ, ਜੋ ਰੜਕਦੀ ਤਾਂ ਹੈ ਹੀ, ਅੱਥਰੂਆਂ ਨੂੰ ਵੀ ਸੁਕਾ ਦਿੰਦੀ ਹੈ। ਆਬਾਦ ਜ਼ਿੰਦਗੀ ਖਿਲਾਫ ਅੱਗ ਦੇ ਭਾਂਬੜ ਸੱਥਰ ਹੀ ਤਾਂ ਵਿਛਾ ਦਿੰਦੇ ਹਨ! ...ਤੇ ਪਿੱਛੇ ਰਹਿ ਜਾਂਦਾ ਹੈ ਦਰਦਾਂ, ਝੋਰਿਆਂ ਭਰਿਆ ਵਕਤ!

1947 ਦੀ ਭਾਰਤ-ਪਾਕਿ ਵੰਡ ਫਿਰਕਾਪ੍ਰਸਤੀ ਦੀਆਂ ਅੱਗਾਂ ਵੰਡਦੀ ਵੰਡਦੀ ਕਿੰਨਾ ਕੁਝ ਖੋਹ ਕੇ ਲੈ ਗਈ ਸੀ। ਧਰਮ ਦੀ ਆੜ ਹੇਠ ਫਿਰਕਾਪ੍ਰਸਤੀ ਦੀ ਅੱਗ ਦਾ ਸੇਕ ਸਦੀਆਂ ਤੱਕ ਰਹਿੰਦਾ ਹੈ। ਜਦੋਂ 1984 ਵਿੱਚ ਨਫਰਤ ਦੀ ਅੱਗ ਲੱਗੀ ਸੀ, ਤਾਂ ਉਦੋਂ ਵੀ ਬੜਾ ਕੁਝ ਸੜ ਕੇ ਸੁਆਹ ਹੋ ਗਿਆ ਸੀ। ਸਰਹੱਦਾਂ ਉਤੇ ਤਾਂ ਅੱਗ ਦੇ ਭਾਂਬੜ ਮੱਚਦੇ ਹੀ ਰਹਿੰਦੇ ਹਨ।

ਹਿਟਲਰ ਦੇ ਅੰਦਰ ਸੁਲਘਦੀ ਅੱਗ ਨੇ ਕਿੰਨਾ ਕੁਝ ਰਾਖ ਕਰ ਦਿੱਤਾ ਸੀ। ਗੈਸ ਚੈਂਬਰਾਂ ਵਿੱਚ ਸਾੜ ਦਿੱਤੇ ਗਏ ਬੇਦੋਸ਼ੇ ਲੋਕ ਜਾਂ ਹੀਰੋਸੀਮਾ-ਨਾਗਾਸਾਕੀ ਉਤੇ ਵਰ੍ਹੀ ਪ੍ਰਮਾਣੂ ਦੀ ਅੱਗ ਕਿਸ ਨੂੰ ਭੁੱਲੀ ਹੈ! ਸੰਸਾਰ ਯੁੱਧਾਂ ਜਾਂ ਸਮੇਂ ਸਮੇਂ ਹੋਈਆਂ ਖ਼ਾਨਾਜੰਗੀਆਂ ਦੌਰਾਨ, ਉਨ੍ਹਾਂ ਤੋਂ ਪਹਿਲਾਂ ਤੇ ਬਾਅਦ ਵਿੱਚ ਪ੍ਰਤੱਖ ਤੌਰ 'ਤੇ ਲੱਗੀਆਂ ਅੱਗਾਂ ਤਾਂ ਇੱਕ ਪਾਸੇ, ਪਰ ਕਰੋੜਾਂ ਹੀ ਮਨਾਂ ਦੀ ਧਰਾਤਲ ਉੱਤੇ ਪਹੁੰਚੇ ਸੇਕ ਨੇ ਜੋ ਜਜ਼ਬਾਤ ਲੂਹੇ, ਉਸ ਦਾ ਲੇਖਾ-ਜੋਖਾ ਕੋਈ ਕਿੰਝ ਕਰੇ!

ਫਿਰਕੂ ਨਫਰਤ, ਬਦਜ਼ਨੀ, ਹੈਵਾਨੀਅਤ ਦੀਆਂ ਹਿਰਦੇਵੇਦਕ ਅੱਗ ਦੀਆਂ ਲਾਟਾਂ ਨਾਲ ਵਲੂੰਦਰਿਆ ਮਨੀਪੁਰ ਅਤੇ ਫਿਰ ਹਰਿਆਣਾ ਸੂਬੇ ਦਾ ਨੂਹ ਇਲਾਕਾ ਤਾਂ ਤਾਜ਼ਾ ਮਿਸਾਲਾਂ ਹਨ। ਖ਼ੈਰ! ਤੰਗ-ਸੋਚਾਂ ਵਾਲੇ ਸਮਰਥਕਨੁਮਾ ਅਨਸਰਾਂ ਵੱਲੋਂ ਲਾਈਆਂ ਅਜਿਹੀਆਂ ਅੱਗਾਂ ਦੀ ਤਫ਼ਸੀਲ ਵੱਡੀ ਤੇ ਵਸੀਹ ਹੈ, ਖਾਸਕਰ ਲੋਕਤੰਤਰੀ ਪ੍ਰਣਾਲੀ ਦਾ ਦਮ ਭਰਦੇ ਮੁਲਕ ਵਿੱਚ!

ਇਸ ਦੇ ਉਲਟ ਕੁਦਰਤ ਦੇ ਕਹਿਰ ਸਮੇਂ ਅਮਰੀਕਾ ਦੀ ਸਟੇਟ ਹਵਾਈ ਵਿੱਚ ਮਾਉਈ ਟਾਪੂ 'ਤੇ ਅੱਗ ਲੱਗਣ ਕਾਰਨ ਜੋ ਤਬਾਹੀ ਮੱਚੀ, ਕਿਵੇਂ ਇਸ ਨੂੰ ਉਹ ਲੋਕ ਭੁੱਲ ਸਕਦੇ ਹਨ, ਜਿਨ੍ਹਾਂ ਦੇ ਮਹਿੰਗੇ ਘਰ-ਬਾਰ, ਕਾਰੋਬਾਰ, ਵਸਤਾਂ ਅਤੇ ਜੀਵਨ ਭਰ ਦੀ ਹੋਰ ਪੂੰਜੀ ਸੜ ਕੇ ਰਾਖ ਦੀਆਂ ਢੇਰੀਆਂ ਵਿੱਚ ਬਦਲ ਗਈ। ਸੁੱਕੀ ਗਰਮੀਆਂ ਅਤੇ ਤੇਜ਼ ਹਵਾਵਾਂ ਦੇ ਤੂਫਾਨ ਕਾਰਨ ਮਾਉਈ ਦੇ ਜੰਗਲਾਂ ਵਿੱਚ ਅੱਗ ਭੜਕ ਉੱਠੀ। ਫਰੰਟ ਸਟ੍ਰੀਟ, ਲਹੈਨਾ ਦੇ ਦਿਲ ਅਤੇ ਟਾਪੂ ਦੇ ਆਰਥਿਕ ਕੇਂਦਰ 'ਤੇ ਲਗਭਗ ਹਰ ਇਮਾਰਤ ਤਬਾਹ ਹੋ ਗਈ। ਕੁਝ ਹਿੱਸਿਆਂ ਵਿੱਚ ਫੈਲਦੀ ਅੱਗ ਅਗਾਂਹ ਅਗਾਂਹ ਵਧਦੀ ਗਈ ਤੇ ਤਬਾਹੀ ਮਚਾਉਂਦੀ ਗਈ। ਅੱਗ 'ਤੇ ਕਾਬੂ ਪਾਉਣ ਲਈ ਆਮ ਲੋਕ ਆਪਣੇ ਪੱਧਰ ਉੱਤੇ ਅਤੇ ਫਿਰ ਅੱਗ ਬੁਝਾਊ ਦਸਤੇ ਚਾਰਾਜੋਈਆਂ ਕਰਦੇ ਰਹੇ।

ਤਬਾਹੀ ਦਾ ਬਿਰਤਾਂਤ ਇਹ ਕਿ ਮਨੁੱਖੀ ਜਾਨਾਂ ਤੋਂ ਇਲਾਵਾ ਧੂੰਏਂ ਤੇ ਅੱਗ ਦੀਆਂ ਲਪਟਾਂ ਨਾਲ ਜੀਵ-ਜੰਤੂ, ਜਾਨਵਰ ਅਤੇ ਹੋਰ ਪੰਛੀ ਵੀ ਮਾਰੇ ਗਏ। ਇਤਿਹਾਸਕ ਲਹੈਨਾ ਦੇ ਪ੍ਰਤੀਕ ਬੋਹੜ ਦਾ ਦਰੱਖਤ ਸੜ ਗਿਆ ਹੈ। ਸੜੀਆਂ ਹੋਈਆਂ ਕਾਰਾਂ ਦਾ ਇੱਕ ਭਿਆਨਕ ਦ੍ਰਿਸ਼ ਸੀ, ਜੋ ਅੱਗ ਤੋਂ ਬਚ ਨਹੀਂ ਸਕੀਆਂ। ਅੱਗ ਨੇ ਜ਼ਿੰਦਗੀ ਦੇ ਅਨਛੂਹੇ ਪਹਿਲੂਆਂ ਤੱਕ ਵੀ ਰਸਾਈ ਕੀਤੀ ਹੈ ਤੇ ਫ਼ਿਲਹਾਲ ਇਸ ਦੇ ਮਾਇਨੇ ਬਦਲ ਦਿੱਤੇ ਹਨ। ਮਰੇ ਹੋਏ ਲੋਕਾਂ ਦੀ ਖੋਜ ਵਿੱਚ ਸੁੰਘਣ ਵਾਲੇ ਕੁੱਤਿਆਂ ਦੀ ਮਦਦ ਲਈ ਗਈ। ਜਿਨ੍ਹਾਂ ਨੇ ਆਪਣਾ ਸਭ ਕੁਝ ਗੁਆ ਲਿਆ, ਰੱਬ ਤੋਂ ਉਨ੍ਹਾਂ ਦਾ ਭਰੋਸਾ ਉਠ ਗਿਆ ਹੈ। ਜਿਨ੍ਹਾਂ ਦੀਆਂ ਸੱਜਰੀਆਂ ਖੁਸ਼ੀਆਂ ਨੂੰ ਲਾਂਬੂ ਲੱਗ ਗਏ ਹਨ, ਉਹ ਦਰਦ ਕਿੱਥੇ ਲੁਕਾ ਲੈਣ! ਪੀੜਤ ਲੋਕ ਸੜੇ ਤੇ ਟੁੱਟੇ ਹੋਏ ਘਰਾਂ ਅਤੇ ਤਬਾਹ ਹੋਏ ਜਨ-ਜੀਵਨ ਦਾ ਦ੍ਰਿਸ਼ ਦੇਖ ਕੇ ਬੇਹੱਦ ਮਸੋਸੇ ਹੋਏ ਹਨ।

ਇਹ ਨਹੀਂ ਹੈ ਕਿ ਲੋਕਾਂ ਨੇ ਕੁਝ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਪਰ ਜਦੋਂ ਹਾਲਾਤ ਤਾਕਤਵਾਰ ਬਣ ਜਾਣ ਤਾਂ ਪੱਲੇ ਬੇਵਸੀ ਤੇ ਨਮੋਸ਼ੀ ਆ ਪੈਂਦੀ ਹੈ। ਲੋਕਾਂ ਨੇ ਮਹਿਸੂਸ ਕੀਤਾ ਕਿ ਉਹ ਖ਼ਤਰੇ ਵਿੱਚ ਸਨ, ਜਦੋਂ ਉਨ੍ਹਾਂ ਨੇ ਅੱਗ ਦੀਆਂ ਲਪਟਾਂ ਦੇਖੀਆਂ ਜਾਂ ਨੇੜੇ ਦੇ ਧਮਾਕੇ ਸੁਣੇ। ਫਿਰ ਲੋਕਾਂ ਨੂੰ ਅੱਗ ਵਾਲੀਆਂ ਥਾਂਵਾਂ ਤੋਂ ਕੱਢਣਾ ਦੇ ਹੀਲੇ ਸ਼ੁਰੂ ਹੋਏ ਤੇ ਰਾਹਤ ਯਤਨਾਂ ਦੀ ਪ੍ਰਕਿਰਿਆ ਜਾਰੀ ਹੋ ਗਈ। ਆਫ਼ਤ ਜ਼ੋਨ ਦੇ ਖੇਤਰਾਂ ਵਿੱਚ ਕੁਝ


⇒ *ਬਾਕੀ ਸਫਾ 2 ਉਤੇ ਪੜ੍ਹੋ...*



'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਨੋਟ: ਲੇਖਕ ਆਪਣੀਆਂ ਲਿਖਤਾਂ ਅਤੇ ਪਾਠਕ ਆਪਣੇ ਵਿਚਾਰ "ਪੰਜਾਬੀ ਪਰਵਾਜ਼" ਦੀ ਈਮੇਲ punjabiparwaz@gmail.com ਉਤੇ ਭੇਜ ਸਕਦੇ ਹਨ।

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

## ਇੱਕ ਸਰਕਾਰ ਬਾਝੋਂ...

# ਚੁਫੇਰਿਓਂ ਸਿਆਸੀ ਸਾਜ਼ਿਸ਼ਾਂ ਨਾਲ ਜੂਝਦਾ ਪੰਜਾਬ

**ਜੰਗ ਸਿੰਘ ਮਰਸਡ**
**ਫੋਨ: +1 415-603-7380**

ਮਹਾਰਾਜਾ ਰਣਜੀਤ ਸਿੰਘ ਰਾਜ ਕਾਲ ਦੇ ਮਹਾਂ ਕਵੀ ਸ਼ਾਹ ਮੁਹੰਮਦ ਦੀਆਂ ਇਨ੍ਹਾਂ ਸਤਰਾਂ "ਇੱਕ ਸਰਕਾਰ ਬਾਝੋਂ..." ਦੀ ਮਹੱਤਤਾ ਲੰਮੇ ਸਮੇਂ ਤੋਂ ਰਹੀ ਹੈ ਤੇ ਇਨ੍ਹਾਂ ਪ੍ਰਸਥਿਤੀਆਂ ਤੋਂ ਪੰਜਾਬ ਪਿਛਲੇ ਕਾਫੀ ਸਮੇਂ ਤੋਂ ਲੰਘਦਾ ਵੀ ਆ ਰਿਹਾ ਹੈ। ਮੁੱਢ ਤੋਂ ਹੀ ਸਰਹੱਦੀ ਸੂਬੇ ਨਾਲ ਨਿੱਤ ਜੰਗਾਂ ਲੜਨ ਕਾਰਨ ਪੰਜਾਬ ਜੁਝਾਰੂ ਸੂਬਾ ਰਿਹਾ ਹੈ ਤੇ ਜਿਸ ਬਾਰੇ ਪੰਜਾਬੀ ਦਾ ਇੱਕ ਅਖਾਣ ਵੀ ਹੈ, "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।" ਜਿਨ੍ਹਾਂ ਪੰਜਾਬੀਆਂ ਨੇ ਨੇਪੋਲੀਅਨ, ਬਾਬਰ, ਨਾਦਰਸ਼ਾਹ, ਜਕਰੀਆਂ ਖਾਂ, ਔਰੰਗਜ਼ੇਬ, ਵਜੀਰ ਖਾਂ ਜਿਹੇ ਜਾਲਮਾਂ ਤੇ ਅੰਗਰੇਜ਼ਾਂ ਦੇ ਮੂੰਹ ਭੰਨੇ ਹੋਏ ਹੋਣ, ਅੱਜ ਇਨ੍ਹਾਂ ਪੰਜਾਬੀਆਂ ਦਾ ਬਹਾਦਰ ਸੂਬਾ ਪੰਜਾਬ ਸੱਚੇ ਦਿਲੋਂ ਸਮਰਪਿਤ ਇੱਕ ਲੀਡਰ ਦੀ ਘਾਟ ਕਾਰਨ ਕਈ ਤਰ੍ਹਾਂ ਦੀਆਂ ਸਿਆਸੀ ਸਾਜ਼ਿਸ਼ਾਂ ਅਤੇ ਲੁੱਟ ਦਾ ਸ਼ਿਕਾਰ ਹੋ ਰਿਹਾ ਹੈ। ਬਹੁਤ ਸਾਰੇ ਦਰਪੇਸ਼ ਮਸਲੇ ਪਿਛਲੇ ਲੰਮੇ ਸਮੇਂ ਤੋਂ ਖੜ੍ਹੇ ਹਨ ਤੇ ਸਮੇਂ ਸਮੇਂ ਦੀਆਂ ਹਾਕਮ ਸਰਕਾਰਾਂ ਨੇ ਕੋਈ ਪ੍ਰਵਾਹ ਨਹੀਂ ਕੀਤੀ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਨੂੰ ਸੁਚੱਜਾ ਲੀਡਰ ਮਿਲਿਆ, ਇਸ ਨੇ ਮੱਲਾਂ ਹੀ ਮਾਰੀਆਂ ਹਨ। ਜੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ, ਉਸ ਨੇ ਸੁਯੋਗ ਆਗੂ ਵਜੋਂ ਪੰਜਾਬ ਪੁੱਜਣ ਤੋਂ ਪਹਿਲਾਂ ਹੀ ਇੱਕ ਵੱਡੀ ਸਾਰੀ ਤਾਕਤਵਰ ਫੌਜ ਇਕੱਠੀ ਕਰ ਲਈ ਸੀ। ਪਾਨੀਪਤ, ਕਰਨਾਲ, ਸੁਢੌਰੇ ਵਿੱਚ ਲੜਾਈਆਂ ਲੜਦੇ ਚੱਪੜ ਚਿੜੀ ਦੇ ਇਤਿਹਾਸਕ ਬਣ ਚੁੱਕੇ ਅਸਥਾਨ 'ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬੇ ਸਰਹਿੰਦ ਦੀ ਤਾਕਤਵਰ ਫੌਜ ਨੂੰ ਨੱਕੀਂ ਚਨੇ ਚਬਾਏ ਸਨ। ਜਾਬਰ ਸੂਬਾ ਸਰਹਿੰਦ ਵਜੀਰ ਖਾਂ, ਜਿਸ ਨੇ ਦਸਮ ਪਾਤਸ਼ਾਹ ਦੇ ਮਾਸੂਮ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਜਿਊਂਦੇ ਨੀਂਹਾਂ ਵਿੱਚ ਚਿਣਵਾਇਆ ਸੀ, ਨੂੰ ਆਪਣੇ ਘੋੜੇ ਪਿਛੇ ਬੰਨ੍ਹ ਪੂਰੇ ਸਰਹਿੰਦ ਵਿੱਚ ਘੁਮਾ ਕੇ ਮਿਸਾਲੀ ਸਜ਼ਾ ਹੀ ਨਹੀ ਸੀ ਦਿੱਤੀ, ਸਗੋਂ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਅ ਕੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਵੀ ਕੀਤੀ ਸੀ। ਜ਼ਿਕਰਯੋਗ ਹੈ ਕਿ ਚੱਪੜ ਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਕਈ ਯੋਧਿਆਂ ਦੀ ਯਾਦਗਾਰ ਬਣਾਈ ਜਾ ਚੁਕੀ ਹੈ।

ਇਸ ਤੋਂ ਬਾਅਦ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਖਿਲਰੀਆਂ 12 ਮਿਸਲਾਂ ਨੂੰ ਆਪਣੀ ਸੁਲਝੀ ਹੋਈ ਲੀਡਰਸ਼ਿਪ ਵਿੱਚ ਇਕੱਠਾ ਕਰ ਲਿਆ, ਤਾਂ ਕੁਝ ਸਮੇਂ ਵਿੱਚ ਹੀ ਉਸ ਨੇ ਵੀ ਆਪਣੀ ਸਿਆਣਪ ਤੇ ਬਹਾਦਰੀ ਨਾਲ ਇੱਕ ਵਿਸ਼ਾਲ ਰਾਜ ਸਥਾਪਤ ਕਰ ਲਿਆ ਸੀ, ਜਿਸ ਦੀਆਂ ਜੰਮੂ-ਕਸ਼ਮੀਰ, ਕਾਬਲ, ਕੰਧਾਰ, ਅਫਗਾਨਿਸਤਾਨ, ਤਿੱਬਤ, ਚੀਨ ਤੱਕ ਹੱਦਾਂ ਸਨ। ਉਸ ਨੇ ਅੱਧੀ ਸਦੀ ਤੱਕ ਸਿੱਖ ਰਾਜ ਦਾ ਡੰਕਾ ਵਜਾਇਆ, ਜਿਸ ਦੀ ਅੱਜ ਦੇ ਸਮੇਂ ਵਿੱਚ ਵੀ ਸਾਰਥਕਤਾ ਬਣੀ ਹੋਈ ਹੈ। ਅੱਜ ਤੱਕ ਸੰਸਾਰ ਦੇ ਲੋਕ ਮਹਾਰਾਜਾ ਰਣਜੀਤ ਸਿੰਘ ਦੇ ਰਾਜ, ਜਿਸ ਦੀ ਖੋਜ ਬੀ.ਬੀ.ਸੀ. ਵਲੋਂ ਕਰਾਈ ਗਈ ਸੀ, ਉਸ 'ਚ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਬੰਧ ਵਾਲੇ ਰਾਜਿਆਂ ਬਾਰੇ ਤਾਜਾ ਖੋਜ ਕੀਤੀ ਗਈ। ਵੱਡੀ ਗਿਣਤੀ ਵਿੱਚ ਇਤਿਹਾਸਕਾਰਾਂ ਨੂੰ ਖੋਜ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਖੋਜ ਵਿੱਚ ਸੰਸਾਰ ਦੇ ਸਰਬਉਤਮ 150 ਰਾਜਿਆਂ ਦੇ ਰਾਜ ਨੂੰ ਚੁਣਿਆ ਗਿਆ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਸਰਬੋਤਮ ਐਲਾਨਿਆ ਗਿਆ।

ਹਾਲੇ ਕੁਝ ਸਮਾਂ ਪਹਿਲਾਂ ਦੀ ਹੀ ਗੱਲ ਹੈ ਕਿ ਜਦੋਂ ਇਸੇ ਪੰਜਾਬ ਦੇ ਲੋਕ ਇਕੱਠੇ ਹੋਏ ਅਤੇ ਅੰਗਰੇਜ਼ਾਂ, ਜਿਸ ਦੇ ਰਾਜ ਦਾ ਸੂਰਜ ਨਹੀਂ ਸੀ ਡੁੱਬਦਾ, ਆਖਿਆ ਜਾਂਦਾ ਸੀ, ਲਾਮਿਸਾਲ ਕੁਰਬਾਨੀਆਂ ਦੇ ਕੇ ਉਨ੍ਹਾਂ ਦਾ ਵੀ ਭਾਰਤ ਵਿੱਚੋਂ ਬੋਰੀਆ ਬਿਸਤਰਾ ਗੋਲ ਕਰਕੇ ਦੇਸ਼ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਕਰਵਾਇਆ ਸੀ। ਅਫਸੋਸ! ਦੇਸ਼ ਦੀ ਆਜ਼ਾਦੀ ਲੈਣ ਸਮੇਂ ਪੰਜਾਬ ਦੀ ਲੀਡਰਸ਼ਿਪ ਨੇ ਆਪਣੀ ਡੂੰਘੀ ਸੋਚ ਦਾ ਪ੍ਰਗਟਾਵਾ ਨਾ ਕਰਦਿਆਂ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਕੋਲੋਂ, ਜਿਹੜਾ ਰਾਜ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਕੋਲੋਂ ਲਿਆ ਸੀ, ਉਸ ਦੀ ਮੰਗ ਨਾ ਕੀਤੀ। ਨਤੀਜਾ ਅੱਜ ਇਹੋ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਮਹਾਰਾਜਾ ਰਣਜੀਤ ਸਿੰਘ ਦੀ ਸੋਚ ਨੂੰ ਤਿਆਗ ਕੇ ਪੰਜਾਬ ਦੇ ਹੱਕਾਂ ਦੀ ਤਰਜਮਾਨੀ ਕਰਨ ਵਾਲੀ ਅਕਾਲੀ ਪਾਰਟੀ ਦੇ ਮੌਜੂਦਾ ਆਗੂ ਪਰਿਵਾਰਕ ਮੈਂਬਰਾਂ ਦੀ ਪਾਰਟੀ ਬਣਾ ਕੇ ਨਿੱਜੀ ਜਾਇਦਾਦਾਂ ਇਕੱਠੀਆਂ ਕਰਨ, ਪੰਜਾਬ ਤੇ ਪੰਥ ਵਿਰੋਧੀ ਕਈ ਕੰਮ ਕਰਨ ਕਰਕੇ ਅਜਿਹੇ ਪੁੱਠੇ ਰਾਹ ਪੈ ਗਈ ਕਿ ਉਸ ਅੱਗੇ ਮੁਸੀਬਤਾਂ ਦੇ ਢੇਰ ਦੇ ਢੇਰ ਲੱਗਦੇ ਆ ਰਹੇ ਹਨ। ਅੱਜ ਦਾ ਪੰਜਾਬ ਵੇਖ ਕੇ ਰੋਣਾ ਆਉਂਦਾ ਹੈ ਕਿ ਸਾਡੇ ਇਸੇ ਪੰਜਾਬ ਦੇ ਆਗੂ, ਜਿਨ੍ਹਾਂ ਦੀ ਕਿਸੇ ਸਮੇਂ ਇਹ ਸੋਚ ਹੁੰਦੀ ਸੀ, "ਸਭੇ ਸਾਝੀਵਾਲ ਸਦਾਇਨਿ, ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਉਸ ਦੀ ਹੁਣ ਦੀ ਸੋਚ ਦਾ ਕੀ ਦਾ ਕੀ ਬਣ ਗਿਆ ਹੈ?

ਪੰਜਾਬ ਦੇ ਉੱਘੇ ਚਿੰਤਕ ਤੇ ਵੱਖ-ਵੱਖ ਉਚ ਅਹੁਦਿਆਂ 'ਤੇ ਬਿਰਾਜਮਾਨ ਰਹੇ ਸ. ਸਰਦਾਰਾ ਸਿੰਘ ਜੌਹਲ ਨੇ ਇੱਕ ਚੈਨਲ ਨੂੰ ਇੰਟਰਵੀਊ ਦਿੰਦਿਆਂ ਕਿਹਾ ਸੀ ਕਿ ਵਿਸ਼ਾਲ ਪੰਜਾਬ ਨੂੰ ਪੰਜਾਬੜੀ ਬਣਾਉਣ ਤੋਂ ਬਾਅਦ ਵੀ ਕੋਈ ਸੂਝਵਾਨ ਲੀਡਰ ਨਹੀਂ ਜੁੜਿਆ। ਉਨ੍ਹਾਂ ਨੇ ਬੜੇ ਦੁੱਖ ਭਰੇ ਲਹਿਜੇ ਵਿੱਚ ਦੱਸਿਆ ਕਿ ਪੰਜਾਬ ਨੂੰ ਪਿਛਲੇ ਸਮੇਂ ਤੋਂ ਜਿਹੜੇ ਵੀ ਲੀਡਰ ਮਿਲੇ ਹਨ, ਉਨ੍ਹਾਂ ਪੰਜਾਬ ਤੇ ਪੰਜਾਬ ਦੇ ਲੋਕਾਂ ਨੂੰ ਵੇਖਿਆ ਨਹੀਂ! ਜੇਕਰ ਵੇਖਿਆ ਹੈ ਤਾਂ ਸਿਰਫ ਤੇ ਸਿਰਫ ਆਪਣੇ ਘਰਾਂ ਅਤੇ ਆਪਣੇ ਟੱਬਰਾਂ ਨੂੰ! ਜਿਸ ਕਾਰਨ ਪੰਜਾਬ ਇਸ ਸਮੇਂ ਘੋਰ ਆਰਥਕ ਸੰਕਟ ਵਿੱਚੋਂ ਲੰਘ ਰਿਹਾ ਹੈ। ਉਨ੍ਹਾਂ ਨੇ ਆਪਣੇ ਨਿੱਜੀ ਤਜਰਬੇ ਤੋਂ ਦੱਸਿਆ ਕਿ ਉਨ੍ਹਾਂ ਨੂੰ ਪੰਜਾਬ ਦੀਆਂ ਸਰਕਾਰਾਂ ਵਲੋਂ ਸੂਬੇ ਦੀ ਬਿਹਤਰੀ ਲਈ ਸਮੇਂ ਸਮੇਂ ਯੋਜਨਾਵਾਂ ਬਣਾਉਣ ਲਈ ਕਿਹਾ ਜਰੂਰ ਜਾਂਦਾ ਰਿਹਾ ਅਤੇ ਉਨ੍ਹਾਂ ਨੇ ਸਮੇਂ ਸਮੇਂ ਸਰਕਾਰਾਂ ਨੂੰ ਬਹੁਤ ਸਾਰੀਆਂ ਯੋਜਨਾਵਾਂ ਬਣਾ ਕੇ ਦਿੱਤੀਆਂ ਵੀ, ਪਰ ਉਨ੍ਹਾਂ 'ਤੇ ਅਮਲ ਕਰਨਾ ਤਾਂ ਬਹੁਤ ਦੂਰ ਦੀ ਗੱਲ, ਉਨ੍ਹਾਂ ਫਾਈਲਾਂ ਨੂੰ ਪੜ੍ਹਿਆ ਤਕ ਵੀ ਨਹੀਂ ਗਿਆ। ਉਹ ਬੰਦ ਅਲਮਾਰੀਆਂ ਵਿੱਚ ਧੂੜ੍ਹ ਹੀ ਫਕਦੀਆਂ ਰਹੀਆਂ। ਨਤੀਜਾ ਦੇਸ਼ ਦਾ ਪਹਿਲੇ ਨੰਬਰ ਦਾ ਸੂਬਾ ਪੰਜਾਬ ਅੱਜ ਬਰਬਾਦੀ ਦੇ ਮੁਹਾਣ 'ਤੇ ਆ ਖੜ੍ਹਾ ਹੋਇਆ ਹੈ। ਉਨ੍ਹਾਂ ਨੇ ਕਿਹਾ, ਸਰਕਾਰਾਂ ਪੰਜਾਬ ਦੇ ਲੋਕਾਂ ਨੂੰ ਮਿਹਨਤੀ ਤੇ ਕਾਮੇ




ਬਣਾਉਣ ਅਤੇ ਉਨ੍ਹਾਂ ਨੂੰ ਰੁਜਗਾਰ ਦੇਣ ਦੀ ਥਾਂ ਨਿਗੁਣੀਆਂ ਜਿਹੀਆਂ ਸਹੂਲਤਾਂ ਮੁਫਤ ਦੇ ਕੇ ਮੁਫਤਖੋਰਾ ਬਣਾ ਰਹੀਆਂ ਹਨ। ਉਹ ਹੀ ਪੰਜਾਬੀ ਜਿਹੜਾ ਕਿਸੇ ਸਮੇਂ ਸਿਖਰਾਂ ਦਾ ਮਿਹਨਤੀ ਕਿਹਾ ਜਾਂਦਾ ਸੀ ਤੇ ਉਸ ਦੀ ਸੰਸਾਰ ਭਰ ਵਿੱਚ ਧਾਕ ਹੁੰਦੀ ਸੀ, ਅੱਜ ਉਸ ਨੂੰ ਭਿਖਾਰੀ ਤੇ ਨਿਕੰਮਾ ਬਣਾਇਆ ਜਾ ਰਿਹਾ ਹੈ।

ਸ. ਜੌਹਲ ਨੇ ਹੋਰ ਕਿਹਾ ਕਿ ਜੇ ਸਰਕਾਰਾਂ ਉਨ੍ਹਾਂ ਵਲੋਂ ਸਮੇਂ ਸਮੇਂ ਦਿੱਤੀਆਂ ਜਾਂਦੀਆ ਰਿਪੋਰਟਾਂ 'ਤੇ ਥੋੜ੍ਹਾ ਜਿਹਾ ਵੀ ਅਮਲ ਕਰ ਲੈਂਦੀਆਂ ਤਾਂ ਅੱਜ ਪੰਜਾਬ ਦੀ ਇਹ ਹਾਲਤ ਨਹੀਂ ਸੀ ਹੋਣੀ। ਉਨ੍ਹਾਂ ਨੇ ਇਹ ਵੀ ਮੰਨਿਆ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਦੀ ਕਾਂਗਰਸ ਸਰਕਾਰ ਤੇ ਹੁਣ ਕੇਂਦਰ ਵਿੱਚ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਨਾਲ ਸਿਖਰਾਂ ਦਾ ਮਤਰੇਈ ਮਾਂ ਵਾਲਾ ਰਸੂਖ ਕੀਤਾ ਜਾ ਰਿਹਾ ਹੈ। ਪੰਜਾਬ ਦੀ ਮੌਜੂਦਾ ਸਰਕਾਰ, ਜਿਸ ਦੀ ਚਾਬੀ ਪਾਰਟੀ ਦੇ ਸੁਪਰੀਮੋ ਸਰਵਿੰਦ ਕੇਜਰੀਵਾਲ ਤੇ ਦਿੱਲੀ ਵਾਲਿਆਂ ਦੇ ਹੱਥ ਵਿੱਚ ਹੈ, ਉਹ ਵੀ ਪੰਜਾਬ ਨੂੰ ਬਰਬਾਦੀ ਦੇ ਮੁਹਾਣ 'ਤੇ ਹੋਰ ਖੜ੍ਹਾ ਕਰਦੇ ਆ ਰਹੇ ਹਨ। ਉਹ ਪੰਜਾਬ ਦੇ ਮੁੱਖ ਮੰਤਰੀ ਕੋਲੋਂ ਉਹ ਕੁਝ ਕਰਵਾ ਰਹੇ ਹਨ, ਜਿਸ ਨਾਲ ਪੰਜਾਬ ਦਾ ਕੋਈ ਮਤਲਬ ਨਹੀਂ! ਜਿਹੜਾ ਕੰਮ ਕੇਂਦਰ ਦੀ ਆਮ ਆਦਮੀ ਪਾਰਟੀ ਦਾ ਕਰਨ ਵਾਲਾ ਸੀ, ਉਹ ਪੰਜਾਬ ਦੇ ਮੁੱਖ ਮੰਤਰੀ ਨੂੰ ਮੋਹਰਾ ਬਣਾ ਕੇ ਉਸ ਕੋਲੋਂ ਕਰਵਾ ਕੇ ਪੰਜਾਬ ਨੂੰ ਹੋਰ ਕਰਜ਼ਈ ਕੀਤਾ ਜਾ ਰਿਹਾ ਹੈ।

ਸ. ਜੌਹਲ ਨੇ ਸਪਸ਼ਟ ਕੀਤਾ ਕਿ ਜਿੰਨਾ ਚਿਰ ਪੰਜਾਬ ਦੇ ਮੁੱਖ ਮੰਤਰੀ ਆਪਣੀ ਨਿਰੋਲ ਪੰਜਾਬ ਦੀ "ਐਡਵਾਇਜ਼ਰੀ ਕੌਂਸਲ" ਬਣਾ ਕੇ ਉਸ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਪੰਜਾਬ ਨੂੰ ਨਹੀਂ ਚਲਾਉਂਦੇ, ਪੰਜਾਬ ਨੂੰ ਆਪਣੇ ਪੈਰਾਂ ਸਿਰ ਖੜ੍ਹਾ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਲੋਕਾਂ ਨੇ ਕਿਸਾਨ ਸੰਘਰਸ਼ ਦੇ ਆਗੂਆਂ ਦੀ ਪ੍ਰੇਰਨਾ ਸਦਕਾ ਕਿ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਅਕਾਲੀ-ਭਾਜਪਾ ਗੱਠਜੋੜ, ਕਾਂਗਰਸ ਆਦਿ ਸਭ ਨੂੰ ਨਕਾਰ ਕੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਨਵੀਂ ਪਾਰਟੀ ਆਮ ਆਦਮੀ ਪਾਰਟੀ ਨੂੰ ਹੋਂਦ ਵਿੱਚ ਲਿਆਂਦਾ ਸੀ। ਆਸ ਸੀ ਕਿ ਇਹ ਪਾਰਟੀ ਪੰਜਾਬ ਦੀ ਖੇਤਰੀ ਪਾਰਟੀ ਬਣਨ ਦੀ ਭੂਮਿਕਾ ਨਿਭਾਵੇਗੀ, ਪਰ ਉਸ ਨੇ ਵੀ ਬੜੀ ਜਲਦੀ ਪੰਜਾਬੀਆਂ ਦੀਆਂ ਆਸਾਂ 'ਤੇ ਪਾਣੀ ਫੇਰਨਾ ਸ਼ੁਰੂ ਕਰ ਦਿੱਤਾ ਹੈ। ਇਸ ਵੇਲੇ ਅਜਿਹਾ ਕੋਈ ਵੀ ਆਗੂ ਨਜ਼ਰ ਨਹੀਂ ਆਉਂਦਾ, ਜੋ ਨਿੱਗਰ ਤੇ ਈਮਾਨਦਾਰ ਸੋਚ ਵਾਲੇ ਆਗੂਆਂ ਨੂੰ ਇਕੱਠੇ ਕਰ ਸਕੇ। ਸਿੱਖ ਜਗਤ ਵਿੱਚ ਵੀ ਕੋਈ ਆਗੂ ਨਜਰੀਂ ਨਹੀਂ ਪੈ ਰਿਹਾ, ਜੋ ਪੰਜਾਬ ਦੇ ਈਮਾਨਦਾਰ ਆਗੂਆਂ ਨੂੰ ਇਕੱਠਾ ਕਰਕੇ ਖੇਤਰੀ ਪਾਰਟੀ ਬਣਾਉਣ ਦੇ ਯੋਗ ਹੋਵੇ। ਇਸ ਸਮੇਂ ਪੰਜਾਬ ਦੇ ਲੋਕਾਂ ਨੂੰ ਦੋ ਹੀ ਮੁੱਖ ਆਸਾਂ ਬਚੀਆਂ ਹਨ- ਇੱਕ, ਸਿੱਖ ਜਗਤ ਵਿੱਚੋਂ ਕੁਝ ਆਗੂ ਪਹਿਲ ਕਰਕੇ ਇਸ ਦੀ ਭੂਮਿਕਾ ਨਿਭਾਉਣ, ਜੋ ਪੰਜਾਬ ਦੇ ਹਿਤੈਸ਼ੀ ਆਗੂਆਂ ਨੂੰ ਇੱਕਠੇ ਕਰਕੇ ਖੇਤਰੀ ਪਾਰਟੀ ਬਣਵਾ ਸਕਦੇ ਹਨ। ਲੋੜ ਉੱਦਮ ਅਰੰਭਣ ਦੀ ਹੈ; ਦੂਜੀ, ਜੇ ਧਿਆਨ ਜਾਂਦਾ ਹੈ ਤਾਂ ਉਹ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲ ਹੈ, ਜਿਨ੍ਹਾਂ ਨੇ ਸਵਾ ਸਾਲ ਤਕ ਲੰਮਾ ਸੰਘਰਸ਼ ਲੜ ਕੇ ਤਿੰਨੇ ਕਿਸਾਨ ਵਿਰੋਧੀ ਕਾਨੂੰਨ ਵਾਪਿਸ ਕਰਵਾਏ ਸਨ। ਜੇ ਉਹ ਆਪਣੀ ਕਿਸਾਨੀ ਨੂੰ ਬਚਾਉਣਾ ਚਾਹੁੰਦੀਆਂ ਹਨ ਤਾਂ ਫਿਰ ਉਨ੍ਹਾਂ ਨੂੰ ਪੰਜਾਬ ਵਿੱਚ ਖੇਤਰੀ ਪਾਰਟੀ ਖੜ੍ਹੀ ਕਰਨੀ ਪਵੇਗੀ, ਕਿਉਂਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਵੀ ਹੈ। ਇਸ ਸਮੇਂ ਪੰਜਾਬ ਦੇ ਲੋਕ ਤੇ ਵਿਸ਼ੇਸ਼ ਕਰਕੇ ਸਿੱਖ, ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਤੋਂ ਕਾਫੀ ਦੂਰ ਜਾ ਚੁਕੇ ਹਨ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਆਪਸ ਵਿੱਚ ਸਿਰ ਜੋੜ ਕੇ ਪੰਜਾਬ, ਪੰਜਾਬੀ, ਪੰਜਾਬੀਅਤ ਤੇ ਖੇਤੀ ਨੂੰ ਬਚਾਉਣ ਲਈ ਆਪਣੇ ਸਾਰੇ ਗਿਲੇ ਸ਼ਿਕਵੇ ਭੁਲਾ ਕੇ ਇੱਕ ਮੰਚ 'ਤੇ ਇਕੱਠੇ ਹੋਣ ਦੀ ਜ਼ਰੂਰਤ ਹੈ, ਜੋ ਪੰਜਾਬ ਦੀ ਖੇਤਰੀ ਪਾਰਟੀ ਦਾ ਗਠਨ ਕਰਨ। ਇਸ ਵਿੱਚ ਉਨ੍ਹਾਂ ਦੀ ਆਪਣੀ ਭਲਾਈ ਦੇ ਨਾਲ ਪੰਜਾਬ ਦੀ ਬਿਹਤਰੀ ਵੀ ਜੁੜੀ ਹੋਈ ਹੈ।

# ਅੱਗ ਦੇ ਮੁਹਾਂਦਰੇ...

ਲੋਕਾਂ ਦੇ ਜਾਣ ਅਤੇ ਪ੍ਰਤੀਬੰਧਿਤ, ਖਤਰਨਾਕ, ਸਰਗਰਮ ਜਾਂਚ ਵਾਲੀਆਂ ਥਾਂਵਾਂ ਵਿੱਚ ਦਾਖਲ ਹੋਣ ਤੋਂ ਆਵਾਜਾਈ ਰੋਕ ਦਿੱਤੀ ਗਈ ਤੇ ਕਰਫਿਊ ਜਿਹੇ ਹਾਲਾਤ ਬਣ ਗਏ।

ਮਾਉਈ ਦੇ ਵਸਨੀਕਾਂ ਦੀਆਂ ਸੜ ਚੁੱਕੀਆਂ ਕਾਰਾਂ ਤੇ ਹੋਰ ਵਾਹਨ; ਘਰਾਂ ਅਤੇ ਕਾਰੋਬਾਰਾਂ ਦੇ ਬਲਾਕ ਤੋਂ ਬਾਅਦ ਬਲਾਕ; ਸੜਦੇ ਹੋਏ ਟੈਲੀਫੋਨ ਤੇ ਬਿਜਲੀ ਦੇ ਖੰਭਿਆਂ ਸਮੇਤ ਭਿਆਨਕ ਤਪਸ਼ ਨਾਲ ਧਰਤੀ, ਸੜਕਾਂ, ਫੁੱਟਪਾਥ, ਦਰਖਤ, ਇਮਾਰਤਾਂ, ਕੱਚ ਦੀਆਂ ਬੋਤਲਾਂ ਨਾਲ ਭਰਿਆ ਇੱਕ ਟਰੱਕ ਅਤੇ ਹੋਰ ਖ਼ਾਸ ਤੇ ਨਿੱਕ-ਸੁੱਕ ਅੱਗ-ਬੁਰਦ ਹੋ ਗਏ। ਹੇਠ ਝੁਕੀਆਂ ਇਮਾਰਤਾਂ ਦੀਆਂ ਛੱਤਾਂ ਦੇ ਪਿੰਜਰ ਦੇ ਅਵਸ਼ੇਸ਼, ਜੋ ਅੱਗ ਦੀ ਲਪੇਟ ਵਿੱਚ ਆ ਗਏ ਸਨ ਅਤੇ ਬੰਦਰਗਾਹ 'ਤੇ ਕਿਸ਼ਤੀਆਂ ਝੁਲਸ ਗਈਆਂ ਤੇ ਜਲਣ ਦੀ ਬਦਬੂ ਬਣੀ ਰਹੀ। ਹੱਸਦੀ-ਵੱਸਦੀ ਆਬਾਦੀ ਦਾ ਮੁਹਾਂਦਰਾ ਵਿਗੜ ਕੇ ਕਰੂਪ ਹੋ ਗਿਆ, ਜੋ ਸਿਰਫ ਮਾਲੀ ਨੁਕਸਾਨ ਦਾ ਹੀ ਗਵਾਹ ਨਹੀਂ, ਡੂੰਘੀ ਮਾਨਸਿਕ ਪੀੜ ਵੀ ਦਿੰਦਾ ਹੈ। ਇੱਕ ਅਪਾਰਟਮੈਂਟ ਕੰਪਲੈਕਸ ਦੇ ਨੁਕਸਾਨ ਬਾਰੇ ਇੱਕ ਵਸਨੀਕ ਦੀਆਂ ਭਾਵਨਾਵਾਂ ਸਨ ਕਿ ਇਹ ਸ਼ਾਨਦਾਰ ਸੀ, ਪਰ ਅੱਗ ਨਾਲ ਇਹ ਤੇਜ਼ੀ ਨਾਲ ਤਬਾਹ ਹੋ ਗਿਆ।

ਜ਼ਿਕਰਯੋਗ ਹੈ ਕਿ ਜੰਗਲ ਦੀ ਅੱਗ ਦਹਾਕਿਆਂ ਵਿੱਚ ਰਾਜ ਦੀ ਸਭ ਤੋਂ ਘਾਤਕ ਕੁਦਰਤੀ ਆਫ਼ਤ ਹੈ, ਜੋ



ਆਬਾਦੀ ਦਾ ਇੱਕ ਉਹ ਹਿੱਸਾ, ਜੋ ਅੱਗ ਨਾਲ ਸੜ ਕੇ ਰਾਖ ਬਣ ਗਿਆ...

1960 ਦੀ ਸੁਨਾਮੀ ਨੂੰ ਵੀ ਪਛਾੜਦੀ ਹੈ, ਜਿਸ ਵਿੱਚ 61 ਲੋਕ ਮਾਰੇ ਗਏ ਸਨ। 1946 ਵਿੱਚ ਇੱਕ ਹੋਰ ਵੀ ਘਾਤਕ ਸੁਨਾਮੀ, ਜਿਸ ਨੇ ਵੱਡੇ ਟਾਪੂ ਉੱਤੇ 150 ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਸੀ, ਨੇ ਖੇਤਰ-ਵਿਆਪੀ ਐਮਰਜੈਂਸੀ ਦੇ ਹਾਲਾਤ ਪੈਦਾ ਕਰ ਦਿੱਤੇ ਸਨ। ਜੰਗਲ ਦੀ ਅੱਗ ਕਾਰਨ ਹਵਾਈ ਇਤਿਹਾਸ ਵਿੱਚ ਇਹ ਦੂਜੀ ਸਭ ਤੋਂ ਮਹਿੰਗੀ ਤਬਾਹੀ ਹੋਣ ਦਾ ਅਨੁਮਾਨ ਹੈ। ਕੈਲੀਫੋਰਨੀਆ ਵਿੱਚ 2018 ਦੇ ਕੈਂਪ ਫਾਇਰ ਤੋਂ ਬਾਅਦ ਅਮਰੀਕਾ ਵਿੱਚ ਜੰਗਲ ਦੀ ਅੱਗ ਸਭ ਤੋਂ ਘਾਤਕ ਹੈ, ਜਿਸ ਵਿੱਚ ਕਾਫੀ ਲੋਕ ਮਾਰੇ ਗਏ ਸਨ ਅਤੇ ਪੈਰਾਡਾਈਜ਼ ਸ਼ਹਿਰ ਤਬਾਹ ਹੋ ਗਿਆ ਸੀ।

ਅੱਗ ਦੀ ਤਾਜ਼ਾ ਆਫ਼ਤ ਸਬੰਧੀ ਇਸ ਗੱਲ ਨੂੰ ਲੈ ਕੇ ਚਰਚਾ ਹੈ ਕਿ ਹਵਾਈ ਐਮਰਜੈਂਸੀ ਪ੍ਰਬੰਧਨ ਰਿਕਾਰਡਾਂ ਵਿੱਚ ਕੋਈ ਸੰਕੇਤ ਨਹੀਂ ਮਿਲਿਆ ਕਿ ਲੋਕਾਂ ਨੂੰ ਆਪਣੀ ਜਾਨ ਬਚਾਉਣ ਲਈ ਭੱਜਣ ਤੋਂ ਪਹਿਲਾਂ ਚੇਤਾਵਨੀ ਦੇ ਸਾਇਰਨ ਵੱਜੇ ਸਨ। ਅਧਿਕਾਰੀਆਂ ਨੇ ਮੋਬਾਈਲ ਫੋਨਾਂ, ਟੈਲੀਵਿਜ਼ਨਾਂ ਅਤੇ ਰੇਡੀਓ ਸਟੇਸ਼ਨਾਂ ਨੂੰ ਚੇਤਾਵਨੀਆਂ ਭੇਜੀਆਂ, ਪਰ ਖਦਸ਼ਾ ਹੈ ਕਿ ਵਿਆਪਕ ਬਿਜਲੀ ਅਤੇ ਸੈਲੂਲਰ ਸੇਵਾਵਾਂ ਵਿੱਚ ਵਿਘਨ ਪੈ ਜਾਣ ਕਾਰਨ ਉਨ੍ਹਾਂ ਦੀ ਪਹੁੰਚ ਸੀਮਤ ਹੋ ਗਈ ਸੀ। ਅਟਾਰਨੀ ਜਨਰਲ ਦੇ ਦਫ਼ਤਰ ਅਨੁਸਾਰ ਜੰਗਲ ਦੀ ਅੱਗ ਦੇ ਦੌਰਾਨ ਤੇ ਬਾਅਦ ਵਿੱਚ ਫੈਸਲੇ ਲੈਣ ਅਤੇ ਜ਼ਰੂਰੀ ਨੀਤੀਆਂ ਦੀ ਇੱਕ ਵਿਆਪਕ ਸਮੀਖਿਆ ਕੀਤੀ ਜਾਵੇਗੀ।



Regal Jewels
773-262-4377
www.RegalJewels.com
2625
OPEN 7 DAYS
REGAL JEWELS
REGAL JEWELS
2625 W. Devon Ave. Chicago, IL 60659
22k Gold - Diamonds - 24k Gold
Our Collections
VEERGI
By Regal Jewels
22k Gold
MITA COLLECTION
DIAMONDS
By Regal Jewels
Diamonds
KAVIGI
Kids
Baby
RAHI GI
PURE COLLECTION
24k Gold
Authorized Dealer
AU FINJA
Pure Wrist Fashion
MOVADO
MALO
MONACO CHAIN
LLADRÓ
www.RegalJewels.com

# ਪੰਜਾਬੀ ਭਾਈਚਾਰੇ ਵੱਲੋਂ ਕੌਂਸਲ ਰਣਜੀਤ ਸਿੰਘ ਨੂੰ ਨਿੱਘੀ ਵਿਦਾਇਗੀ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸ਼ਿਕਾਗੋ ਵਿੱਚ ਭਾਰਤੀ ਸਫਾਰਤਖਾਨੇ ਵਿੱਚ ਬਤੌਰ ਕੌਂਸਲ ਸੇਵਾਵਾਂ ਨਿਭਾਉਂਦੇ ਰਹੇ ਸ. ਰਣਜੀਤ ਸਿੰਘ ਦੇ ਮਾਣ ਵਿੱਚ ਪੰਜਾਬੀ ਭਾਈਚਾਰੇ ਵੱਲੋਂ ਸੋਮਵਾਰ ਸ਼ਾਮ ਨੂੰ ਕੈਰੋਲ ਸਟਰੀਮ ਦੇ ਤਾਜ ਮਹਿਲ ਰੈਸਟੋਰੈਂਟ ਇੱਕ ਸਮਾਗਮ ਕੀਤਾ ਗਿਆ, ਜਿਸ ਵਿੱਚ ਭਾਈਚਾਰੇ ਪ੍ਰਤੀ ਨਿਭਾਈਆਂ ਉਨ੍ਹਾਂ ਦੀਆਂ ਤਸੱਲੀਬਖ਼ਸ਼ ਸੇਵਾਵਾਂ ਅਤੇ ਪੰਜਾਬੀ ਮਾਂ ਬੋਲੀ ਸਬੰਧੀ ਕੀਤੇ ਸੁਜੱਗ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਭਾਈਚਾਰੇ ਦੇ ਇੱਕ ਹਿੱਸੇ ਨੇ ਕੌਂਸਲ ਰਣਜੀਤ ਸਿੰਘ ਨੂੰ ਵਿਦਾਇਗੀ ਪਾਰਟੀ ਦਿੰਦਿਆਂ ਉਨ੍ਹਾਂ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਕਿਹਾ ਕਿ ਸਫਾਰਤਖਾਨੇ ਨਾਲ ਜੁੜੇ ਭਾਈਚਾਰੇ ਦੇ ਕੰਮਾਂ ਨੂੰ ਉਹ ਪੂਰੀ ਦਿਆਨਤਦਾਰੀ ਤੇ ਖ਼ੁਦ ਉਚੇਚ ਕਰ ਕੇ ਨਿੱਜੀ ਜ਼ਿੰਮੇਵਾਰੀ ਨਾਲ ਕਰਦੇ ਰਹੇ ਹਨ। ਉਹ ਭਾਰਤੀ ਭਾਈਚਾਰੇ ਵਿੱਚ ਸਿਰਫ਼ ਕੌਂਸਲਖਾਨੇ ਦੇ ਕੰਮਕਾਰ ਕਰਕੇ ਹੀ ਨਹੀਂ, ਸਗੋਂ ਪੰਜਾਬੀ ਭਾਈਚਾਰੇ ਵਿੱਚ ਤਾਂ ਨਿੱਜੀ ਤੌਰ 'ਤੇ ਵੀ ਵਿਚਰਦੇ ਰਹੇ ਹਨ। ਜ਼ਿਕਰਯੋਗ ਹੈ ਕਿ ਉਹ ਸ਼ਿਕਾਗੋ ਸਥਿਤ ਭਾਰਤੀ ਸਫਾਰਤਖਾਨੇ ਵਿੱਚ ਆਪਣਾ ਸੇਵਾ ਕਾਲ ਪੂਰਾ ਕਰ ਕੇ ਵਾਪਸ ਭਾਰਤ ਜਾ ਰਹੇ ਹਨ। ਕੰਮ ਵਿੱਚ ਆਪਣੀ ਮੁਹਾਰਤ ਤੇ ਲੋਕਾਂ ਵਿੱਚ ਮਕਬੂਲੀਅਤ ਕਰ ਕੇ ਉਹ ਸ਼ਿਕਾਗੋ ਦੇ ਇੱਕੋ ਇੱਕ ਕੌਂਸਲ ਹਨ, ਜਿਨ੍ਹਾਂ ਦੀਆਂ ਸੇਵਾਵਾਂ ਵਿੱਚ ਦੋ ਵਾਰ ਵਾਧਾ ਕੀਤਾ ਗਿਆ ਹੋਵੇ।

ਇਸ ਮੌਕੇ ਕੌਂਸਲ ਰਣਜੀਤ ਸਿੰਘ ਪ੍ਰਤੀ ਵੱਖ-ਵੱਖ ਬੁਲਾਰਿਆਂ ਨੇ ਵਿਚਾਰ ਪ੍ਰਗਟਾਏ ਕਿ ਉਹ ਆਪਣੇ ਕੰਮ ਸਬੰਧੀ ਸਿਰੜੀ ਤਾਂ ਹਨ ਹੀ, ਸਗੋਂ ਲੋਕਾਂ ਵਿੱਚ ਅਪਣੱਤ ਭਰੀ ਸਾਂਝ ਬਣਾ ਕੇ ਵੀ ਵਿਚਰਦੇ ਰਹੇ ਹਨ, ਜਿਸ ਕਾਰਨ ਭਾਰਤੀ ਵੀਜ਼ਾ ਲੈਣ ਜਾਂ ਪਾਸਪੋਰਟ ਸਬੰਧੀ ਆਪਣੇ ਕੰਮਾਂ ਲਈ ਲੋੜਵੰਦ ਲੋਕ ਉਨ੍ਹਾਂ ਨੂੰ ਵੇਲੇ-ਕੁਵੇਲੇ ਫੋਨ ਕਰਨ ਲੱਗਿਆਂ ਵੀ ਨਹੀਂ ਸਨ ਝਿਜਕਦੇ। ਸਿੱਖ ਹੋਣ ਦੇ ਨਾਤੇ ਉਹ ਇਕੱਲੇ ਪੰਜਾਬੀ ਭਾਈਚਾਰੇ ਦੇ ਕੌਂਸਲੇਟ ਕੰਮਾਂ ਪ੍ਰਤੀ ਹੀ ਸਰਗਰਮ ਨਹੀਂ ਰਹੇ, ਬਲਕਿ ਭਾਰਤੀ ਮੂਲ ਦੇ ਹੋਰਨਾਂ ਭਾਈਚਾਰੇ ਦੇ ਲੋਕਾਂ ਦੇ ਕੰਮਾਂ ਸਬੰਧੀ ਵੀ ਉਹ ਪੂਰੀ ਜ਼ਿੰਮੇਵਾਰੀ ਨਾਲ ਸੇਵਾ ਨਿਭਾਉਂਦੇ ਰਹੇ। ਇਹ ਵੀ ਕਿਹਾ ਗਿਆ ਕਿ ਕੌਂਸਲ ਰਣਜੀਤ ਸਿੰਘ ਨੇ ਭਾਰਤੀ ਸਫਾਰਤਖਾਨੇ ਅਤੇ ਮਿੱਡਵੈਸਟ ਵਿੱਚ ਰਹਿੰਦੇ ਪਰਵਾਸੀ ਭਾਰਤੀਆਂ ਦਰਮਿਆਨ ਇੱਕ ਪੁਲ ਦਾ ਕੰਮ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਸ਼ਿਕਾਗੋਲੈਂਡ ਵਿੱਚ ਪੰਜਾਬੀ ਮਾਂ ਬੋਲੀ ਸਬੰਧੀ ਸਮਾਗਮ ਕਰਵਾਉਣ ਲਈ ਪੂਰੇ ਤਹੱਈਏ ਨਾਲ ਕੰਮ ਕੀਤਾ ਅਤੇ ਸਾਹਿਤ ਤੇ ਪੰਜਾਬੀ ਪ੍ਰੇਮੀਆਂ ਨੂੰ ਅਜਿਹੇ ਸਮਾਗਮਾਂ ਦੀ ਜਾਗ ਲਾਈ। ਹਾਜ਼ਰੀਨ ਦੇ ਇਹ ਵਿਚਾਰ ਵੀ ਸਨ ਕਿ ਕੌਂਸਲ ਰਣਜੀਤ ਸਿੰਘ ਦੇ ਸੁਜੱਗ ਯਤਨਾਂ ਸਦਕਾ ਬੜੇ ਚਿਰ ਪਿੱਛੋਂ ਭਾਰਤੀ, ਖਾਸਕਰ ਪੰਜਾਬੀ ਭਾਈਚਾਰੇ ਅਤੇ ਸਫਾਰਤਖਾਨੇ ਵਿਚਾਲੇ ਸੁਖਾਵੇਂ ਸਬੰਧ ਬਣੇ ਹਨ ਤੇ ਬਹੁ-ਗਿਣਤੀ ਭਾਈਚਾਰੇ ਨੂੰ ਕੌਂਸਲਖਾਨਾ ਆਪਣਾ ਆਪਣਾ ਲੱਗਣ ਲੱਗ ਪਿਆ ਹੈ। ਭਾਈਚਾਰੇ ਦੇ ਇੱਕ ਹਿੱਸੇ ਵਿੱਚ ਤਾਂ ਰਣਜੀਤ ਸਿੰਘ ਪਰਿਵਾਰਕ ਮੈਂਬਰ ਵਜੋਂ ਵਿਚਰਦੇ ਰਹੇ ਹਨ। ਜ਼ਿਕਰਯੋਗ ਹੈ ਕਿ ਮਿੱਡਵੈਸਟ ਦੀਆਂ ਕਈ ਸਟੇਟਾਂ ਵਿੱਚ ਰਹਿੰਦੇ ਭਾਰਤੀ ਮੂਲ ਦੇ ਲੋਕ ਸਫਾਰਤਖਾਨੇ ਨਾਲ ਜੁੜੇ ਆਪਣੇ ਕੰਮਾਂ ਲਈ ਸ਼ਿਕਾਗੋ ਆਉਂਦੇ ਰਹੇ ਹਨ ਅਤੇ ਰਣਜੀਤ ਸਿੰਘ ਆਪਣੀਆਂ ਸੇਵਾਵਾਂ ਲਈ ਹੋਰ ਸਟੇਟਾਂ ਵਿੱਚ ਵੀ ਜਾਂਦੇ ਰਹੇ ਹਨ, ਜਿਸ ਕਾਰਨ ਲੋਕਾਂ ਨਾਲ ਉਨ੍ਹਾਂ ਦੀ ਸਾਂਝ ਕਾਫੀ ਪੀਡੀ ਪਾਈ ਹੋਈ ਹੈ।

ਇਸ ਮੌਕੇ ਕੌਂਸਲ ਰਣਜੀਤ ਸਿੰਘ ਨੇ ਭਾਈਚਾਰਕ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੁਸੀਂ ਹਮੇਸ਼ਾ ਮੈਨੂੰ ਮੁਹੱਬਤ ਨਾਲ ਲਬਰੇਜ਼ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂਆਤ ਰਾਜ ਲਾਲੀ ਦੀ ਕਿਤਾਬ ਰਿਲੀਜ਼ ਸਬੰਧੀ ਸਮਾਗਮ ਤੋਂ ਹੋਈ, ਜਦੋਂ ਉਹ ਪੰਜਾਬੀ ਭਾਈਚਾਰੇ ਨਾਲ ਜੁੜਨਾ ਸ਼ੁਰੂ ਹੋਏ। ਫਿਰ ਹੌਲੀ ਹੌਲੀ ਭਾਈਚਾਰੇ ਦੇ ਨੇੜੇ ਆਉਂਦਿਆਂ ਪਹਿਲਾ ਮਾਤ ਭਾਸ਼ਾ ਦਿਵਸ ਕਰਨ ਦਾ ਸਬੱਬ ਬਣਿਆ ਤੇ ਫਿਰ ਇਹ ਸਿਲਸਿਲਾ ਲਗਾਤਾਰ ਤਿੰਨ ਸਾਲ ਚੱਲਿਆ। ਉਨ੍ਹਾਂ ਉਮੀਦ ਕੀਤੀ ਕਿ ਪੰਜਾਬੀ ਮਾਤ ਭਾਸ਼ਾ ਦਾ ਜੋ ਬੂਟਾ ਉਨ੍ਹਾਂ ਲਾਇਆ ਹੈ, ਉਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹੋਰ ਵਧੇ-ਫੁੱਲੇਗਾ। ਇਹ ਉਨ੍ਹਾਂ ਦਾ ਵਡੱਪਣ ਹੈ, ਜੋ ਉਨ੍ਹਾਂ ਕਿਹਾ ਕਿ ਮੈਂ ਤਾਂ ਮੰਗਤਾ ਹਾਂ ਤੇ ਤੁਸੀਂ ਮੈਨੂੰ ਪਿਆਰ ਤੇ ਸਤਿਕਾਰ ਬਖ਼ਸ਼ਿਆ। ਉਨ੍ਹਾਂ ਇਹ ਵੀ ਕਿਹਾ ਕਿ ਭਵਿੱਖ ਵਿੱਚ ਵੀ ਉਹ ਰਿਮੋਟਲੀ ਸਭ ਨਾਲ ਜੁੜੇ ਰਹਿਣਗੇ। ਇਸ ਮੌਕੇ ਭਾਈਚਾਰੇ ਵੱਲੋਂ ਉਨ੍ਹਾਂ ਨੂੰ ਇੱਕ ਯਾਦਗਾਰੀ ਪਲੇਕ ਭੇਟ ਕੀਤੀ ਗਈ, ਜੋ ਅਮਰੀਕ ਸਿੰਘ ਸ਼ਿਕਾਗੋ ਉਚੇਚੇ ਤੌਰ 'ਤੇ ਲਿਆਏ ਸਨ। ਉਨ੍ਹਾਂ ਦੀ ਧਰਮ ਪਤਨੀ ਨੂੰ ਬੁੱਕੇ ਅਤੇ ਤੋਹਫ਼ੇ ਦਿੱਤੇ ਗਏ।

ਸ. ਰਣਜੀਤ ਸਿੰਘ ਦੀ ਸੁਪਤਨੀ ਬੀਬੀ ਸਤਵਿੰਦਰ (ਨੀਤੂ) ਕੌਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਤੁਸੀਂ ਸਾਰਿਆਂ ਨੇ ਸਾਨੂੰ ਜੋ ਪਿਆਰ ਦਿੱਤਾ, ਉਹ ਬਿਆਨ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਹਨ। ਮੈਨੂੰ ਇਹੋ ਹੀ ਮਹਿਸੂਸ ਹੋਇਆ ਜਿਵੇਂ ਮੈਂ ਆਪਣੇ ਪਰਿਵਾਰ ਵਿੱਚ ਹੀ ਹਾਂ। ਉਨ੍ਹਾਂ ਕਿਹਾ ਕਿ ਮੈਂ ਤਾਂ ਇੱਥੇ ਆਪਣੇ ਬੱਚਿਆਂ ਵਾਸਤੇ ਆਈ ਸਾਂ, ਪਰ ਤੁਹਾਡੇ ਸਭ ਦੇ ਪਿਆਰ ਮੂਹਰੇ ਮੈਂ ਬੱਚਿਆਂ ਨੂੰ ਭੁੱਲੀ ਬੈਠੀ ਹਾਂ।

ਇਸ ਮੌਕੇ ਸ਼ਾਇਰ ਰਾਜ ਲਾਲੀ ਬਟਾਲਾ ਨੇ ਸਮੁੱਚੇ ਭਾਈਚਾਰੇ ਦਾ ਧੰਨਵਾਦ ਕਰਦਿਆਂ ਰਣਜੀਤ ਸਿੰਘ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਰਣਜੀਤ ਭਾਅ ਜੀ ਨਾ ਕਿਸੇ ਧਰਮ ਦੇ, ਨਾ ਕਿਸੇ ਜਾਤ ਦੇ ਅਤੇ ਨਾ ਕਿਸੇ ਇੱਕ ਭਾਸ਼ਾ ਦੇ ਹਨ, ਬਲਕਿ ਉਹ ਤਾਂ ਸਾਰੇ ਭਾਰਤੀ ਭਾਈਚਾਰਿਆਂ ਦੇ ਬਣ ਕੇ ਉਨ੍ਹਾਂ ਦੇ ਸਮਾਗਮਾਂ ਵਿੱਚ ਜਾਂਦੇ ਰਹੇ ਹਨ। ਉਹ ਆਪਣੀ ਡਿਊਟੀ ਤੋਂ ਵੀ ਅੱਗੇ ਹੋ ਕੇ ਨਿਭਦੇ ਰਹੇ ਹਨ। ਰਾਜ ਲਾਲੀ ਨੇ ਤਾਰੀਫ਼ ਵਿੱਚ ਕਿਹਾ ਕਿ ਰਣਜੀਤ ਸਿੰਘ ਉਨ੍ਹਾਂ ਸ਼ਖ਼ਸੀਅਤਾਂ ਵਿੱਚੋਂ ਹਨ, ਜਿਨ੍ਹਾਂ ਕਰਕੇ ਸਾਰਾ ਸ਼ਹਿਰ ਆਪਣਾ ਆਪਣਾ ਲੱਗਦਾ ਹੈ। ਰਾਜ ਨੇ "ਸਭ ਦੇ ਹੀ ਸਤਿਕਾਰਿਤ ਹਨ ਰਣਜੀਤ ਸਿੰਘ" ਕਵਿਤਾ ਵੀ ਪੜ੍ਹੀ।

ਭਾਈਚਾਰੇ ਦੀ ਨਾਮੀ ਸ਼ਖ਼ਸੀਅਤ ਸ. ਅਮਰੀਕ ਸਿੰਘ ਸ਼ਿਕਾਗੋ ਨੇ ਆਪਣੇ ਭਾਵ ਪ੍ਰਗਟਾਏ ਕਿ ਪਹਿਲਾਂ ਅਸੀਂ ਭਾਰਤੀ ਸਫਾਰਤਖਾਨੇ ਜਾਣ ਤੋਂ ਡਰਦੇ ਸਾਂ ਯਾਨਿ ਇਤਫਾਕ ਦਾ ਜੋ ਪੁਲ ਟੁੱਟਾ ਹੋਇਆ ਸੀ, ਰਣਜੀਤ ਸਿੰਘ ਨੇ ਬਣਾ ਦਿੱਤਾ ਹੈ। ਅਸੀਂ ਸਾਰੇ ਹੁਣ ਬੇਖੌਫ ਹੋ ਕੇ ਜਾਂਦੇ ਹਾਂ ਤੇ ਸਾਡੇ ਕੰਮ ਪਹਿਲ ਦੇ ਅਧਾਰ ਉੱਤੇ ਹੁੰਦੇ ਹਨ। ਉਨ੍ਹਾਂ ਕਿਹਾ ਕੇ ਕੌਂਸਲ ਰਣਜੀਤ ਸਿੰਘ ਨੇ ਲੋਕਾਂ ਨੂੰ ਭਾਰਤ ਦੇ ਵੀਜ਼ੇ ਲੁਆ ਕੇ ਦਿੱਤੇ ਅਤੇ ਕਈ ਹੋਰ ਵੀ ਸ਼ਲਾਘਾਯੋਗ ਕੰਮ ਕੀਤੇ ਹਨ। ਇਨ੍ਹਾਂ ਨੇ ਪੰਜਾਬੀ ਭਾਸ਼ਾ ਲਈ ਕੰਮ ਕੀਤਾ ਤੇ ਜੋ ਬੂਟਾ ਲਾਇਆ, ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਉਸ ਨੂੰ ਸਿੰਜਦੇ ਰਹੀਏ, ਤਾਂ ਜੋ ਜਦੋਂ ਰਣਜੀਤ ਸਿੰਘ ਫਿਰ ਕਦੇ ਸ਼ਿਕਾਗੋ ਆਉਣ ਤਾਂ ਇਸ ਬੂਟੇ ਨੂੰ ਫਲ ਲੱਗੇ ਵੇਖਣ। ਕੌਂਸਲ ਰਣਜੀਤ ਸਿੰਘ ਦੇ ਇੱਥੋਂ ਚਲੇ ਜਾਣ ਉਤੇ ਆਪਣੀਆਂ ਭਾਵਨਾਵਾਂ ਉਨ੍ਹਾਂ ਇੰਝ ਸਾਂਝੀਆਂ ਕੀਤੀਆਂ, "ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ...।"

ਡਾ. ਵਿਕਰਮ ਗਿੱਲ ਨੇ ਕੌਂਸਲ ਰਣਜੀਤ ਸਿੰਘ ਬਾਰੇ ਕਿਹਾ ਕਿ ਮੈਂ ਇਨ੍ਹਾਂ ਬਾਰੇ ਇੱਕ ਗੱਲ ਮਹਿਸੂਸ ਕੀਤੀ ਹੈ, ਨਾ ਇਹ ਇੱਕ ਸਿੱਖ ਹੈ, ਨਾ ਇਹ ਕੁਝ ਹੋਰ ਹੈ; ਪਰ ਇਹ ਇੱਕ ਇਨਸਾਨ ਹੈ। ਇਨ੍ਹਾਂ ਨੂੰ ਪੰਜਾਬੀ ਜ਼ੁਬਾਨ ਨਾਲ ਹੀ ਕੋਈ ਬਹੁਤਾ ਪਿਆਰ ਨਹੀਂ, ਇਨ੍ਹਾਂ ਨੂੰ ਉਰਦੂ ਤੇ ਹੋਰ ਭਾਸ਼ਾਵਾਂ ਨਾਲ ਵੀ ਪਿਆਰ ਹੈ। ਮੈਨੂੰ ਇਨ੍ਹਾਂ ਦੀ ਇਹੋ ਸ਼ਖ਼ਸੀਅਤ ਚੰਗੀ ਲੱਗੀ ਹੈ ਕਿ ਇਨ੍ਹਾਂ ਦਾ ਕੋਈ ਦਾਇਰਾ ਨਹੀਂ। ਡਾ. ਗਿੱਲ ਨੇ ਰਣਜੀਤ ਸਿੰਘ ਬਾਰੇ ਇਹ ਗੱਲ ਸਾਂਝੀ ਕੀਤੀ ਕਿ ਅੰਬੈਸੀ ਦੇ ਹੀ ਇੱਕ ਮੁਲਾਜ਼ਮ ਨੇ ਮੈਨੂੰ ਦੱਸਿਆ, ਰਣਜੀਤ ਸਿੰਘ ਕੰਮ ਵਿੱਚ ਇੰਨੇ ਰੁੱਝੇ ਰਹਿੰਦੇ ਹਨ ਕਿ ਭੱਜੇ ਹੀ ਫਿਰਦੇ ਹਨ। ਸਰਕਾਰੀ ਅਹੁਦਿਆਂ 'ਤੇ ਅਜਿਹੇ ਬੰਦੇ ਘੱਟ ਹੀ ਮਿਲਦੇ ਹਨ। ਸਾਹਿਤਕ ਮੱਸ ਰੱਖਣ ਕਾਰਨ ਉਨ੍ਹਾਂ ਦੀ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸ਼ਾਇਰਾਂ ਨਾਲ ਵੀ ਸਾਂਝ ਬਣੀ ਹੋਈ ਹੈ। ਡਾ. ਗਿੱਲ ਨੇ ਇਹ ਆਖਦਿਆਂ ਗੱਲ ਮੁਕਾਈ ਕਿ ਰਣਜੀਤ ਸਿੰਘ ਨੇ ਬੰਦੇ ਕਮਾਏ ਹਨ।

ਡਾ. ਹਰਜਿੰਦਰ ਸਿੰਘ ਖਹਿਰਾ ਨੇ ਕਿਹਾ ਕੇ ਰਣਜੀਤ ਸਿੰਘ ਸਿਰਫ ਕੌਂਸਲ ਹੀ ਨਹੀਂ, ਇਹ ਸਾਡੇ ਭਰਾ ਹਨ। ਜਦੋਂ ਰਣਜੀਤ ਸਿੰਘ ਸ਼ਿਕਾਗੋ ਨਾਮਜ਼ਦ ਹੋਏ ਤਾਂ ਉਦੋਂ ਤੋਂ ਇਨ੍ਹਾਂ ਨਾਲ ਸਾਂਝ ਬਣੀ ਹੋਈ ਹੈ। ਇਨ੍ਹਾਂ ਨੇ ਇੱਥੇ ਰਹਿੰਦਿਆਂ ਨਵੀਆਂ ਕਿਰਤਾਂ ਪਾਈਆਂ ਹਨ। ਸਾਰੇ ਭਾਈਚਾਰਿਆਂ ਨੂੰ ਇੱਕ ਮੰਚ ਉੱਤੇ ਇਕੱਤਰ ਕਰਨ ਦਾ ਸਿਹਰਾ ਵੀ ਰਣਜੀਤ ਸਿੰਘ ਨੂੰ ਜਾਂਦਾ ਹੈ। ਡਾ. ਖਹਿਰਾ ਨੇ ਕਿਹਾ ਕਿ ਇਨ੍ਹਾਂ ਨੇ ਇੰਨਾ ਮਾਣ ਖੱਟਿਆ ਹੈ ਕਿ ਕਰੀਬ ਕਰੀਬ ਸਾਰੇ ਭਾਰਤੀ ਭਾਈਚਾਰਿਆਂ ਵੱਲੋਂ ਇਨ੍ਹਾਂ ਦੀ ਵਿਦਾਇਗੀ ਨੂੰ ਮੁੱਖ ਰੱਖਦਿਆਂ ਕਈ ਸਮਾਗਮ ਰੱਖੇ ਗਏ ਹਨ। ਸਮਰਪਣ ਦੀ ਭਾਵਨਾ ਨਾਲ ਕੰਮ ਕਰਨ ਅਤੇ ਸਖ਼ਤ ਮਿਹਨਤ ਕਰਕੇ ਇਹ ਇਕੋ ਇਕ ਕੌਂਸਲ ਹਨ, ਜਿਨ੍ਹਾਂ ਨੂੰ ਸ਼ਿਕਾਗੋ ਦੇ ਸਫਾਰਤਖ਼ਾਨੇ ਵਿੱਚ ਦੋ ਵਾਰ ਐਕਸਟੈਂਸ਼ਨ ਮਿਲੀ ਹੈ।

ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ ਨਾਲ ਜੁੜੇ ਸ. ਠਾਕਰ ਸਿੰਘ ਬਸਤੀ ਨੇ ਕਿਹਾ ਕਿ ਲੋਕਾਂ ਨੂੰ ਤੁਰਤ ਵੀਜ਼ਾ ਲੈ ਕੇ ਦੇਣ ਵਿੱਚ ਕੌਂਸਲ ਰਣਜੀਤ ਸਿੰਘ ਨੇ ਅਹਿਮ ਰੋਲ ਨਿਭਾਇਆ ਹੈ। ਇਨ੍ਹਾਂ ਦੇ ਉਪਰਾਲਿਆਂ ਤੇ ਕੰਮ ਕਰਨ ਦੀ ਦ੍ਰਿੜਤਾ ਨੇ ਅੰਬੈਸੀ ਨੂੰ ਸਾਡੇ ਵਿਹੜਿਆਂ ਤੱਕ ਪਹੁੰਚਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕੌਂਸਲੇਟ ਅਰੁਣ ਅੱਤਰੀ ਨੇ ਵੀ ਪੰਜਾਬੀ ਭਾਈਚਾਰੇ ਲਈ ਯਾਦ ਰੱਖਣ ਯੋਗ ਕੰਮ ਕੀਤਾ ਹੈ। ਉਨ੍ਹਾਂ ਆਪਣੀ ਗੱਲ ਇਨ੍ਹਾਂ ਸਤਰਾਂ ਨਾਲ ਸਮੇਟੀ, "ਲੈ ਬਈ ਰਾਂਝਣਾ ਰੱਬ ਨੂੰ ਸੌਂਪਿਓਂ ਤੂੰ ਤੇ ਅਸੀਂ ਕਾਫ਼ਰਾਂ ਦੇ ਵੱਸ ਪੈ ਚੱਲੇ।"

ਪੀ.ਸੀ.ਐਸ. ਦੇ ਸਾਬਕਾ ਪ੍ਰਧਾਨ ਓਂਕਾਰ ਸਿੰਘ ਸੰਘਾ ਨੇ ਕਿਹਾ ਕਿ ਕੌਂਸਲਖਾਨੇ ਦੇ ਕੰਮਾਂ ਸਬੰਧੀ ਜੋ ਰਾਬਤਾ ਇਨ੍ਹਾਂ (ਰਣਜੀਤ ਸਿੰਘ) ਦੇ ਨਾਲ ਸੀ, ਉਹ ਦੁਬਾਰਾ ਨਹੀਂ ਬਣਨਾ। ਹੋ ਸਕਦਾ ਹੈ ਕਿ ਇਨ੍ਹਾਂ ਜਿਹਾ ਹੋਰ ਰਣਜੀਤ ਸਿੰਘ ਆ ਜਾਵੇ, ਪਰ ਨਿੱਠ ਕੇ ਜਿੰਨਾ ਕੰਮ ਇਨ੍ਹਾਂ ਨੇ ਕੀਤਾ, ਉਹ ਭੁੱਲਣਯੋਗ ਨਹੀਂ ਹੈ। ਇਹ ਸਭ ਲੋਕਾਂ ਨਾਲ ਇਨ੍ਹਾਂ ਦੀ ਅਪਣੱਤ ਕਰਕੇ ਹੀ ਹੈ।

ਹੋਰਨਾਂ ਬੁਲਾਰਿਆਂ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟਾਏ ਅਤੇ ਕਿਹਾ ਕਿ ਕੌਂਸਲ ਰਣਜੀਤ ਸਿੰਘ ਨੇ ਸਰਬੱਤ ਦੇ ਭਲੇ ਦੀ ਭਾਵਨਾ ਨੂੰ ਅਮਲੀ ਤੌਰ 'ਤੇ ਗ੍ਰਹਿਣ ਕੀਤਾ ਹੋਇਆ ਹੈ ਤੇ ਉਹ ਬਿਨਾ ਭੇਦਭਾਵ ਤੋਂ ਆਪਣਾ ਫਰਜ਼ ਨਿਭਾਉਂਦੇ ਰਹਿੰਦੇ ਹਨ। ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਲੱਕੀ ਸਹੋਤਾ, ਫਾਈਵ ਰਿਵਰਜ਼ ਐਂਟਰਟੇਨਮੈਂਟ ਦੇ ਜਿਗਰਦੀਪ ਸਿੰਘ ਢਿੱਲੋਂ ਤੇ ਇੰਦਰ ਵਿਰਕ, ਅਮਰਦੇਵ ਸਿੰਘ, ਚਰਨਦੀਪ ਸਿੰਘ ਸਮੇਤ ਹੋਰਨਾਂ ਨੇ ਵੀ ਆਪਣੇ ਵਿਚਾਰ ਰੱਖੇ। ਗੁਰਲੀਨ ਕੌਰ ਨੇ ਸ਼ਿਅਰਾਂ ਨਾਲ ਹਾਜ਼ਰੀ ਲਵਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਮ੍ਰਿਤਪਾਲ ਮਾਂਗਟ, ਅਮਨਦੀਪ ਕੁਲਾਰ, ਅਮਰੀਕ ਪਾਲ ਸਿੰਘ, ਫਾਈਵ ਰਿਵਰਜ਼ ਥੀਏਟਰ ਦੇ ਜਸਮੀਤ ਸਿੰਘ ਤੇ ਸੰਦੀਪ ਕੌਰ, ਗੁਰਪ੍ਰੀਤ ਸਿੰਘ, ਆਬਿਦ ਰਸ਼ੀਦ, ਪਾਲ ਚੋਪੜਾ, ਮਨਦੀਪ ਕੁਮਾਰ, ਰਾਗਿਨੀ ਸ਼ਰਮਾ, ਰਾਜਿੰਦਰ ਕੌਰ ਬਸਾਤੀ ਵੀ ਹਾਜ਼ਰ ਸਨ।

ਇਸ ਤੋਂ ਇਲਾਵਾ ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਡਾ. ਮਦਨ ਲਾਲ ਹਸੀਜਾ ਨੇ ਕੌਂਸਲ ਰਣਜੀਤ ਸਿੰਘ ਦੇ ਨਾਂ ਆਪਣੇ ਇੱਕ ਸੁਨੇਹੇ ਵਿੱਚ ਕਿਹਾ ਹੈ ਕਿ ਤੁਸੀਂ ਸ਼ਿਕਾਗੋ ਵਾਸੀਆਂ ਦੇ ਮਨਾਂ ਵਿੱਚ ਸਤਿਕਾਰਯੋਗ ਥਾਂ ਮੱਲ ਲਈ ਹੈ, ਲੱਖ ਕੋਸ਼ਿਸ਼ ਦੇ ਬਾਵਜੂਦ ਜਿੱਥੋਂ ਨਹੀਂ ਨਿਕਲ ਸਕਦੇ। ਡਾ. ਹਸੀਜਾ ਨੇ ਕੌਂਸਲ ਰਣਜੀਤ ਸਿੰਘ ਦੀ ਤਰੱਕੀ ਲਈ ਸ਼ੁਭਕਾਮਨਾਵਾਂ ਵੀ ਭੇਜੀਆਂ।



**ਨਿੱਘੀ ਵਿਦਾਇਗੀ:** ਪੰਜਾਬੀ ਭਾਈਚਾਰੇ ਦੇ ਲੋਕ ਕੌਂਸਲ ਰਣਜੀਤ ਸਿੰਘ ਤੇ ਉਨ੍ਹਾਂ ਦੀ ਪਤਨੀ ਨਾਲ




# ਪੈਲਾਟਾਈਨ ਵਿਲੇਜ ਵਲੋਂ ਸਿੱਖ ਰਿਲੀਜੀਅਸ ਸੁਸਾਇਟੀ ਨੂੰ "2023 ਹੋਮਟਾਊਨ ਪਰਾਈਡ ਐਵਾਰਡ"







**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਨੂੰ ਪੈਲਾਟਾਈਨ ਵਿਲੇਜ-ਬਿਊਟੀਫਿਕੇਸ਼ਨ ਕਮਿਸ਼ਨ ਵੱਲੋਂ ਬਿਜਨਸ ਕੈਟਾਗਰੀ ਵਿੱਚ ਪਹਿਲਾ "2023 ਹੋਮਟਾਊਨ ਪਰਾਈਡ ਐਵਾਰਡ" ਦਿੱਤਾ ਗਿਆ ਹੈ। ਇਹ ਇਨਾਮ ਵਿਲੇਜ ਦੇ ਮੇਅਰ ਵੱਲੋਂ ਲੰਘੀ 7 ਅਗਸਤ ਨੂੰ ਵਿਲੇਜ ਹਾਲ ਵਿੱਚ ਦਿੱਤਾ ਗਿਆ। ਇਸ ਵਿੱਚ ਇੱਕ ਪ੍ਰਸ਼ੰਸਾ ਸਰਟੀਫਿਕੇਟ ਅਤੇ ਪਹਿਲੇ ਇਨਾਮ ਦਾ ਬੋਰਡ ਵੀ ਸ਼ਾਮਲ ਹੈ। ਇਹ ਇਨਾਮ ਲੈਂਡਸਕੇਪਿੰਗ ਵਿੱਚ ਮਿਲਿਆ ਹੈ।

ਇਸ ਸਬੰਧੀ ਸਮੂਹ ਭਾਈਚਾਰੇ ਨੂੰ ਵਧਾਈ ਦਿੰਦਿਆਂ ਕਾਰਸੇਵਾ ਜਥੇ ਦੇ ਮੋਢੀ ਮੈਂਬਰ ਸ. ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਨਿਸ਼ਕਾਮ ਕਾਰਸੇਵਾ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਸ. ਹਰਦਿਆਲ ਸਿੰਘ ਦਿਓਲ ਨੇ ਕਈ ਦਿਨ ਪਹਿਲਾਂ ਕਾਰਸੇਵਾ ਦੇ ਵ੍ਹੱਟਸਐਪ ਗਰੁੱਪ ਵਿੱਚ ਜਾਣਕਾਰੀ ਦਿੱਤੀ ਸੀ ਕਿ ਮੁਕਾਬਲੇ ਵਿੱਚ ਦਾਖਲ ਹੋਣ ਦਾ ਆਖਰੀ ਦਿਨ ਹੈ। ਪ੍ਰਬੰਧਕ ਕਮੇਟੀ ਅਤੇ ਕਾਰਸੇਵਕਾਂ ਨੇ ਉਸੇ ਦਿਨ ਇਨਾਮ ਵਾਸਤੇ ਢੁਕਦੀ ਫੋਟੋ ਪੈਲਾਟਾਈਨ ਵਿਲੇਜ ਦੀ ਸਬੰਧਤ ਕਮੇਟੀ ਨੂੰ ਭੇਜ ਦਿੱਤੀ। ਉਨ੍ਹਾਂ ਦੱਸਿਆ ਕਿ ਕੁਝ ਦਿਨਾਂ ਬਾਅਦ ਆਏ ਮੁਕਾਬਲੇ ਦੇ ਨਤੀਜੇ ਵਿੱਚ ਗੁਰੂ ਘਰ ਨੂੰ ਸੁੰਦਰਤਾ ਵਿੱਚ ਪਹਿਲੇ ਇਨਾਮ ਲਈ ਚੁਣਿਆ ਗਿਆ।

ਵਿਲੇਜ ਦੇ ਮੇਅਰ ਪਾਸੋਂ ਇਹ ਇਨਾਮ ਪ੍ਰਾਪਤ ਕਰਨ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਕਾਰ ਸੇਵਾ ਜਥੇ ਦੇ ਮੈਂਬਰ ਹੋਰ ਪਤਵੰਤੇ ਲੰਘੀ 7 ਅਗਸਤ ਨੂੰ ਵਿਲੇਜ ਹਾਲ ਪਹੁੰਚੇ ਅਤੇ ਇਨਾਮ ਪ੍ਰਾਪਤ ਕੀਤਾ। ਸ. ਔਲਖ ਨੇ ਕਿਹਾ ਕਿ ਇਸ ਨਾਲ ਸਮੂਹ ਕਾਰਸੇਵਕਾਂ ਦਾ ਮਾਣ ਵਧਿਆ ਹੈ ਅਤੇ ਇਹ ਕਾਰਸੇਵਕਾਂ ਨੂੰ ਪਿਛਲੇ 15 ਸਾਲਾਂ ਦੀ ਲਗਾਤਾਰ ਸਖ਼ਤ ਮਿਹਨਤ ਦਾ ਫਲ ਮਿਲਿਆ ਹੈ।

ਇਸ ਸਬੰਧੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ ਨੇ ਕਿਹਾ ਕਿ ਇਹ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਅਤੇ ਇਸ ਦਾ ਸਿਹਰਾ ਕਾਰ ਸੇਵਾ ਦੇ ਵਾਲੰਟੀਅਰਾਂ ਨੂੰ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਇਨਾਮ ਲਈ ਪਹਿਲੀ ਵਾਰ ਗੁਰੂ ਘਰ ਦੀ ਤਰਫੋਂ ਮੁਕਾਬਲੇ ਲਈ ਤਸਵੀਰ ਭੇਜੀ ਗਈ ਸੀ ਤੇ ਬਿਜਨਸ ਕੈਟਾਗਰੀ ਵਿੱਚ ਪਹਿਲਾ ਸਥਾਨ ਪ੍ਰਾਪਤ ਹੋਇਆ ਹੈ।



# ਨਾਮ ਚਮਕਾਉਣ ਵਾਲੀਆਂ ਡਿਪਟੀ ਕਮਿਸ਼ਨਰ ਬੀਬੀਆਂ

## ਪ੍ਰਸ਼ਾਸਕ ਧੀਆਂ...



ਉਜਾਗਰ ਸਿੰਘ
ਫੋਨ: 91-9417813072

ਮੌਜੂਦਾ ਪੰਜਾਬ ਸਰਕਾਰ ਨੂੰ ਇਸ ਗੱਲ ਦਾ ਮਾਣ ਜਾਂਦਾ ਹੈ ਕਿ ਉਸ ਨੇ ਮਹਿਲਾ ਆਈ.ਏ.ਐਸ. ਅਧਿਕਾਰੀਆਂ ਦੀ ਕਾਬਲੀਅਤ ਨੂੰ ਮੁੱਖ ਰੱਖਦਿਆਂ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ 10 ਵਿਚ ਇਸਤਰੀਆਂ ਨੂੰ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਹੈ। ਪੰਜਾਬ ਦੇ ਹੁਣ ਤੱਕ ਦੇ ਇਤਿਹਾਸ ਵਿੱਚ ਇਸ ਸਮੇਂ ਸਭ ਤੋਂ ਵੱਧ ਇਸਤਰੀਆਂ ਡਿਪਟੀ ਕਮਿਸ਼ਨਰ ਹਨ, ਜਿਨ੍ਹਾਂ ਵਿੱਚ ਸਾਕਸ਼ੀ ਸਾਹਨੀ ਪਟਿਆਲਾ, ਪਰਨੀਤ ਕੌਰ ਸ਼ੇਰਗਿੱਲ ਫ਼ਤਿਹਗੜ੍ਹ ਸਾਹਿਬ, ਪ੍ਰੀਤੀ ਯਾਦਵ ਰੂਪ ਨਗਰ, ਪੂਨਮਦੀਪ ਕੌਰ ਬਰਨਾਲਾ, ਸੇਨੂੰ ਦੁੱਗਲ ਫਾਜਿਲਕਾ, ਆਸ਼ਿਕਾ ਜੈਨ ਐਸ.ਏ.ਐਸ. ਨਗਰ (ਮੋਹਾਲੀ), ਬਲਦੀਪ ਕੌਰ ਤਰਨਤਾਰਨ, ਕੋਮਲ ਮਿੱਤਲ ਹੁਸ਼ਿਆਰਪੁਰ, ਰੂਹੀ ਧੁੱਗ ਫਰੀਦਕੋਟ ਅਤੇ ਸੁਰਭੀ ਮਲਿਕ ਲੁਧਿਆਣਾ ਵਿਖੇ ਤਾਇਨਾਤ ਹਨ। ਇਸ ਤਰ੍ਹਾਂ 48 ਫ਼ੀਸਦੀ ਇਸਤਰੀਆਂ ਡਿਪਟੀ ਕਮਿਸ਼ਨਰ ਹਨ। ਭਾਵੇਂ ਕੁਦਰਤ ਦੇ ਕਹਿਰ ਦਾ ਮੁਕਾਬਲਾ ਕਰਨਾ ਮਾਨਵਤਾ ਦੇ ਵੱਸ ਦੀ ਗੱਲ ਨਹੀਂ, ਪਰ ਫਿਰ ਵੀ ਇਨ੍ਹਾਂ ਵਿੱਚੋਂ ਲੱਗਪਗ 9 ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਦੀ ਸਥਿਤੀ ਨੂੰ ਉਨ੍ਹਾਂ ਬੜੇ ਸੁਚੱਜੇ ਢੰਗ ਨਾਲ ਸੰਭਾਲਿਆ ਹੈ। ਇਨ੍ਹਾਂ ਵਿੱਚੋਂ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਬੀਬੀਆਂ 4 ਜ਼ਿਲ੍ਹਿਆਂ ਦੀਆਂ ਡਿਪਟੀ ਕਮਿਸ਼ਨਰ ਹਨ।

ਪਟਿਆਲਾ ਜ਼ਿਲ੍ਹੇ ਨੂੰ ਮਾਣ ਜਾਂਦਾ ਹੈ ਕਿ ਇਸ ਜ਼ਿਲ੍ਹੇ ਨਾਲ ਸਬੰਧਤ ਇਸਤਰੀ ਆਈ.ਏ.ਐਸ. ਅਧਿਕਾਰੀ ਹਮੇਸ਼ਾ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਦੀਆਂ ਅਧਿਕਾਰੀਆਂ ਨਾਲੋਂ ਵਧੇਰੇ ਮਾਤਰਾ ਵਿੱਚ ਡਿਪਟੀ ਕਮਿਸ਼ਨਰ ਰਹੀਆਂ ਹਨ। ਇਸ ਸਮੇਂ ਪਟਿਆਲਾ ਸ਼ਹਿਰ ਨਾਲ ਸਬੰਧ ਰੱਖਦੀਆਂ ਚਾਰ ਆਈ.ਏ.ਐਸ. ਅਫਸਰ ਬੀਬੀਆਂ- ਪੂਨਮਦੀਪ ਕੌਰ ਬਰਨਾਲਾ, ਪਰਨੀਤ ਕੌਰ ਸ਼ੇਰਗਿੱਲ ਫਤਿਹਗੜ੍ਹ ਸਾਹਿਬ, ਸੇਨੂੰ ਕਪਿਲਾ ਦੁੱਗਲ ਫਾਜ਼ਿਲਕਾ ਅਤੇ ਬਲਦੀਪ ਕੌਰ ਤਰਨਤਾਰਨ ਜ਼ਿਲ੍ਹਿਆਂ ਦੀਆਂ ਡਿਪਟੀ ਕਮਿਸ਼ਨਰ ਹਨ। ਪੂਨਮਦੀਪ ਕੌਰ ਫਤਿਹਗੜ੍ਹ ਸਾਹਿਬ ਦੀ ਡਿਪਟੀ ਕਮਿਸ਼ਨਰ ਵੀ ਰਹੀ ਹੈ।

ਪੂਨਮਦੀਪ ਕੌਰ ਅਤੇ ਪਰਨੀਤ ਕੌਰ ਸ਼ੇਰਗਿੱਲ ਦੋਵੇਂ ਫ਼ੌਜੀ ਅਧਿਕਾਰੀਆਂ ਦੇ ਪਰਿਵਾਰਾਂ ਦੀਆਂ ਵਾਰਸ ਹਨ। ਪੂਨਮਦੀਪ ਕੌਰ ਦੇ ਪਤੀ ਮੇਜਰ ਮਨਵਿੰਦਰਾ ਸਿੰਘ ਬਾਰਾਮੂਲਾ ਵਿਖੇ ਦੇਸ਼ ਦੀ ਸਰਹੱਦ ਦੀ ਰਾਖੀ ਕਰਦਿਆਂ 12 ਦਸੰਬਰ 2000 ਨੂੰ ਸ਼ਹੀਦੀ ਦਾ ਜਾਮ ਪੀ ਗਏ ਸਨ। ਉਨ੍ਹਾਂ ਦਾ ਲੜਕਾ ਅਰਮਾਨਦੀਪ ਸਿੰਘ ਕਮਰਸ਼ੀਅਲ ਪਾਇਲਟ ਹੈ। ਪੂਨਮਦੀਪ ਕੌਰ ਦਾ ਪਿਤਾ ਕੁਲਬੀਰ ਸਿੰਘ ਦੇਸ਼ ਭਗਤ ਸੁਤੰਤਰਤਾ ਸੰਗਰਾਮੀ ਸੀ। ਪੂਨਮਦੀਪ ਕੌਰ ਪੀ.ਸੀ.ਐਸ. ਵਿੱਚ ਆਉਣ ਤੋਂ ਪਹਿਲਾਂ ਅੰਗਰੇਜ਼ੀ ਦੇ ਲੈਕਚਰਾਰ ਸਨ। ਪੂਨਮਦੀਪ ਕੌਰ ਪੀ.ਸੀ.ਐਸ. ਬਣਨ ਤੋਂ ਬਾਅਦ ਬਹੁਤ ਸਾਰੇ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤ ਰਹੇ ਹਨ, ਜਿਸ ਕਰਕੇ ਉਨ੍ਹਾਂ ਦਾ ਪ੍ਰਬੰਧਕੀ ਤਜ਼ਰਬਾ ਕਾਫੀ ਹੈ। ਉਹ ਮਿਹਨਤੀ ਅਤੇ ਸਿਰੜ੍ਹੀ ਹੈ। ਪਰਨੀਤ ਕੌਰ ਸ਼ੇਰਗਿੱਲ ਦੀ ਵਿਰਾਸਤ ਅਮੀਰ ਹੈ, ਉਸ ਦੇ ਪਿਤਾ ਬ੍ਰਿਗੇਡੀਅਰ ਬਲਵਿੰਦਰ ਸਿੰਘ ਸ਼ੇਰਗਿੱਲ ਸਨ, ਜਿਨ੍ਹਾਂ ਨੇ 21 ਅਗਸਤ 2001 ਨੂੰ ਕੁੱਪਵਾੜਾ ਵਿਖੇ ਦੇਸ਼ ਦੀ ਰਾਖੀ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ ਸੀ। ਪਰਨੀਤ ਕੌਰ ਸ਼ੇਰਗਿੱਲ ਦਾ ਤਾਇਆ ਡਾ. ਸ਼ਵਿੰਦਰ ਸਿੰਘ ਸ਼ੇਰਗਿੱਲ ਪੀ.ਜੀ.ਆਈ. ਚੰਡੀਗੜ੍ਹ ਵਿਖੇ ਹੱਡੀਆਂ ਦੇ ਮਾਹਰ ਡਾਕਟਰ ਰਹੇ ਹਨ, ਉਹ ਪੰਜਾਬ ਹੈਲਥ ਸਾਇੰਸਿਜ਼ ਯੂਨੀਵਰਸਿਟੀ ਫਰੀਦਕੋਟ ਦੇ ਉਪ ਕੁਲਪਤੀ ਸਨ। ਉਨ੍ਹਾਂ ਦਾ ਪਿਛੋਕੜ ਬਰਨਾਲਾ ਜਿਲ੍ਹੇ ਦੇ ਦਾਨਗੜ੍ਹ ਪਿੰਡ ਨਾਲ ਹੈ। ਉਸ ਦੇ ਸਹੁਰਾ ਪਰਿਵਾਰ ਦੀ ਵਿਰਾਸਤ ਵਿਲੱਖਣ ਹੈ। ਉਸ ਦੇ ਪਤੀ ਦੇ ਦਾਦਾ ਅਮਰ ਸਿੰਘ ਕੰਬੋਜ ਪਟਿਆਲਾ ਰਿਆਸਤ ਦਾ ਜਾਣਿਆ-ਪਹਿਚਾਣਿਆ ਹਸਤਾਖ਼ਰ ਸੀ। ਉਨ੍ਹਾਂ ਦੇ ਸਹੁਰਾ ਕਰਨਲ ਕਰਮਿੰਦਰ ਸਿੰਘ ਸਮਾਜ ਸੇਵੀ ਹਨ, ਜੋ ਪਟਿਆਲਾ ਵਿਖੇ ਬਲਾਈਂਡ, ਡੈਫ ਐਂਡ ਡੈਫਬਲਾਈਂਡ ਸਕੂਲ ਚਲਾ ਰਹੇ ਹਨ, ਜਿਥੇ ਲਗਪਗ 450 ਵਿਸ਼ੇਸ਼ ਬੱਚੇ ਅੱਧੇ ਲੜਕੇ ਅਤੇ ਅੱਧੀਆਂ ਲੜਕੀਆਂ ਬੋਰਡਿੰਗ ਵਿੱਚ ਰਹਿੰਦਿਆਂ ਪੜ੍ਹ ਰਹੇ ਹਨ। ਇਹ ਸਕੂਲ ਪਲੱਸ ਟੂ ਤੱਕ ਹੈ।

ਪਰਨੀਤ ਕੌਰ ਦਾ ਵਿਆਹ ਸਿਮਰਪ੍ਰੀਤ ਸਿੰਘ ਨਾਲ ਹੋਇਆ। ਉਨ੍ਹਾਂ ਦੇ ਇੱਕ ਲੜਕਾ ਉਦੈ ਪ੍ਰਤਾਪ ਸਿੰਘ ਹੈ। ਸਿਮਰਪ੍ਰੀਤ ਸਿੰਘ ਵੀ ਆਪਣੀ ਪਿਤਾ ਪੁਰਖੀ ਵਿਰਾਸਤ ਅਨੁਸਾਰ ਸਮਾਜ ਸੇਵਾ ਦਾ ਕੰਮ ਕਰਦਾ ਹੈ। ਪਰਨੀਤ ਕੌਰ ਸ਼ੇਰਗਿੱਲ 2001 ਵਿੱਚ ਪੀ.ਸੀ.ਐਸ. ਵਿੱਚ ਆਈ ਸੀ। ਉਹ ਬਹੁਤ ਸਾਰੇ ਅਹਿਮ ਅਹੁਦਿਆਂ 'ਤੇ ਰਹੀ ਹੈ, ਜਿਸ ਕਰਕੇ ਉਸ ਦਾ ਪ੍ਰਬੰਧਕੀ ਤਜ਼ਰਬਾ ਵਿਸ਼ਾਲ ਹੈ। ਉਨ੍ਹਾਂ ਵਿੱਚ ਤਨਦੇਹੀ ਨਾਲ ਕੰਮ ਕਰਨ ਅਤੇ ਅਨੁਸ਼ਾਸਨ ਵਿੱਚ ਰਹਿਣ ਤੇ ਆਪਣੇ ਸਟਾਫ ਤੋਂ ਸਹਿਯੋਗ ਲੈਣ ਦੀ ਸਮਰੱਥਾ ਹੈ। ਪਰਨੀਤ ਕੌਰ ਸ਼ੇਰਗਿੱਲ ਨੇ ਪੱਤਰਕਾਰੀ ਵਿੱਚ ਆਨਰਜ਼ ਕੀਤੀ ਹੋਈ ਹੈ। ਉਹ ਅੰਗਰੇਜ਼ੀ ਦੇ ਮੈਗਜ਼ੀਨ ਅਤੇ ਅਖ਼ਬਾਰ ਵਿੱਚ ਪੱਤਰਕਾਰ ਵੀ ਰਹੀ ਹੈ। ਉਸ ਦੇ ਅੰਗਰੇਜ਼ੀ ਦੇ ਅਖ਼ਬਾਰਾਂ ਵਿੱਚ ਲੇਖ ਵੀ ਪ੍ਰਕਾਸ਼ਿਤ ਹੁੰਦੇ ਰਹੇ ਹਨ।

ਜੁਲਾਈ 2023 ਦੇ ਹੜ੍ਹਾਂ ਦੌਰਾਨ ਫ਼ਤਿਹਗੜ੍ਹ ਜ਼ਿਲ੍ਹੇ ਵਿੱਚ ਆਏ ਹੜ੍ਹ ਦੇ ਪ੍ਰਕੋਪ ਸਮੇਂ ਪਰਨੀਤ ਕੌਰ ਸ਼ੇਰਗਿੱਲ ਦਲੇਰੀ ਨਾਲ ਡੂੰਘੇ ਪਾਣੀ ਵਿੱਚ ਖ਼ੁਦ ਪਹੁੰਚ ਕੇ ਲੋਕਾਂ ਦੀਆਂ ਜਾਨਾਂ ਬਚਾਉਣ ਦੇ ਪ੍ਰਬੰਧ ਕਰਦੇ ਰਹੇ। ਬਲਦੀਪ ਕੌਰ ਇਸ ਸਮੇਂ ਤਰਨਤਾਰਨ ਦੀ ਡਿਪਟੀ ਕਮਿਸ਼ਨਰ ਹੈ। ਉਹ ਅਤੇ ਉਸ ਦਾ ਸਹੁਰਾ ਪਰਿਵਾਰ ਵੀ ਪਟਿਆਲਾ ਨਾਲ ਸਬੰਧਤ ਹੈ। ਉਸ ਦਾ ਪਿਤਾ ਬੇਅੰਤ ਸਿੰਘ ਬੇਦੀ ਪਟਿਆਲਾ ਵਿਖੇ ਸੈਸ਼ਨ ਜੱਜ ਰਹੇ ਹਨ। ਬਲਦੀਪ ਕੌਰ ਇਥੇ ਹੀ ਪੜ੍ਹੇ ਹਨ।

ਇਸ ਤੋਂ ਇਲਾਵਾ ਅੰਮ੍ਰਿਤ ਕੌਰ ਸ਼ੇਰਗਿੱਲ ਫ਼ਹਿਤਗੜ੍ਹ ਸਾਹਿਬ ਅਤੇ ਮਾਲੇਰਕੋਟਲਾ ਦੀ ਡਿਪਟੀ ਕਮਿਸ਼ਨਰ ਰਹੀ ਹੈ। ਉਹ ਪੰਜਾਬ ਦੇ ਮੁੱਖ ਮੰਤਰੀ ਦੀ ਵਧੀਕ ਪ੍ਰਿੰਸੀਪਲ ਸਕੱਤਰ ਵੀ ਰਹੀ ਹੈ। ਆਪਣੇ ਕੰਮ ਦੀ ਮਾਹਿਰ ਹੈ। ਅੱਜ ਕੱਲ੍ਹ ਉਹ ਸਕੱਤਰ ਮਾਰਕੀਟਿੰਗ ਬੋਰਡ ਦੇ ਅਹੁਦੇ 'ਤੇ ਕੰਮ ਕਰ ਰਹੀ ਹੈ। ਉਹ ਅੰਤਰਰਾਸ਼ਟਰੀ ਪੱਧਰ ਦੀ ਸਾਈਕਲਿਸਟ ਹੈ। ਉਸ ਦੇ ਪਿਤਾ ਵੀ ਸਾਈਕਲ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਸਨ। ਇਸੇ ਤਰ੍ਹਾਂ ਕਿਰਨਪ੍ਰੀਤ ਕੌਰ ਬਰਾੜ ਵੀ ਡਿਪਟੀ ਕਮਿਸ਼ਨਰ ਰਹੀ ਹੈ। ਅੱਜ ਕੱਲ੍ਹ ਉਹ ਮੈਨੇਜਿੰਗ ਡਾਇਰੈਕਟਰ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਅਹੁਦੇ 'ਤੇ ਕੰਮ ਕਰ ਰਹੇ ਹਨ। ਇਹ ਸਾਰੀਆਂ ਅਫਸਰ ਬੀਬੀਆਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰ ਰਹੀਆਂ ਹਨ।

ਅੰਮ੍ਰਿਤ ਕੌਰ ਗਿੱਲ, ਪੂਨਮਦੀਪ ਕੌਰ, ਪਰਨੀਤ ਕੌਰ ਸ਼ੇਰਗਿੱਲ ਅਤੇ ਸੇਨੂੰ ਦੁੱਗਲ- ਮੈਨੂੰ ਇਨ੍ਹਾਂ ਚਾਰਾਂ ਅਫਸਰ ਬੀਬੀਆਂ ਨੂੰ ਕੰਮ ਕਰਦਿਆਂ ਨੇੜੇ ਤੋਂ ਵੇਖਣ ਦਾ ਮਾਣ ਪ੍ਰਾਪਤ ਹੈ। ਇਹ ਸਾਰੇ ਅਧਿਕਾਰੀ ਮਿਹਨਤੀ, ਦਲੇਰ ਅਤੇ ਲੋਕਾਂ ਦੇ ਹੱਕ ਤੇ ਸੱਚ 'ਤੇ ਪਹਿਰਾ ਦੇਣ ਵਾਲੇ ਹਨ। ਇਨ੍ਹਾਂ ਵਿੱਚੋਂ ਤਿੰਨ ਅਧਿਕਾਰੀ- ਅੰਮ੍ਰਿਤ ਕੌਰ ਗਿੱਲ, ਪੂਨਮਦੀਪ ਕੌਰ ਅਤੇ ਪਰਨੀਤ ਕੌਰ ਸ਼ੇਰਗਿੱਲ ਪਟਿਆਲਾ ਵਿਖੇ ਜਦੋਂ ਉਹ ਪੀ.ਸੀ.ਐਸ. ਅਧਿਕਾਰੀ ਹੁੰਦੀਆਂ ਸਨ ਤਾਂ ਉਹ ਜੀ.ਏ., ਐਸ.ਡੀ.ਐਮ., ਸ਼ਿਕਾਇਤ ਨਿਵਾਰਨ ਅਧਿਕਾਰੀ ਅਤੇ ਏ.ਸੀ.ਏ. ਪੁਡਾ ਆਦਿ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੀਆਂ ਰਹੀਆਂ ਹਨ।

ਸਾਲ 2003 ਵਿੱਚ ਜਦੋਂ ਪਟਿਆਲਾ ਵਿਖੇ ਹੈਰੀਟੇਜ ਮੇਲੇ ਲੱਗਦੇ ਰਹੇ ਸਨ, ਇਨ੍ਹਾਂ ਅਧਿਕਾਰੀਆਂ ਦੀ ਕਾਰਜਕੁਸ਼ਲਤਾ ਵੇਖਣ ਵਾਲੀ ਹੁੰਦੀ ਸੀ। ਸਵੇਰੇ ਸੂਰਜ ਦੀ ਟਿੱਕੀ ਨਿਕਲਣ ਤੋਂ ਲੈ ਕੇ ਅੱਧੀ ਰਾਤ ਤੱਕ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਕਰਦੇ ਰਹਿੰਦੇ ਸਨ। ਇਨ੍ਹਾਂ ਦਾ ਸਿਰੜ੍ਹ, ਦ੍ਰਿੜ੍ਹਤਾ ਅਤੇ ਲਗਨ ਨਾਲ ਆਪਣੇ ਫ਼ਰਜ ਨਿਭਾਉਣ ਦੀ ਪ੍ਰਵਿਰਤੀ ਕਾਬਲ-ਏ-ਤਾਰੀਫ਼ ਹੁੰਦੀ ਸੀ। ਪੂਰੇ ਦੇਸ਼ ਵਿੱਚੋਂ ਵੱਖ-ਵੱਖ ਖੇਤਰਾਂ ਦੇ ਨਾਮਵਰ ਕਲਾਕਾਰ ਆਉਂਦੇ ਸਨ, ਉਨ੍ਹਾਂ ਦੇ ਪ੍ਰੋਗਰਾਮਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਵਿਸ਼ੇਸ਼ ਭੂਮਿਕਾ ਇਨ੍ਹਾਂ ਅਧਿਕਾਰੀਆਂ ਦੀ ਹੁੰਦੀ ਸੀ। ਇਸ ਤੋਂ ਇਲਾਵਾ ਰਾਤ ਬਰਾਤੇ ਹੜ੍ਹਾਂ ਵਰਗੀ ਔਖੀ ਕੁਦਰਤੀ ਆਫ਼ਤ ਸਮੇਂ ਵੀ ਇਹ ਅਧਿਕਾਰੀ ਆਪਣੇ ਫ਼ਰਜ਼ ਬਾਖ਼ੂਬੀ ਨਿਭਾਉਂਦੇ ਰਹੇ ਹਨ। ਉਹ ਪ੍ਰਬੰਧਕੀ ਕਾਰਜ਼ਕੁਸ਼ਲਤਾ ਵਾਲੀਆਂ ਅਧਿਕਾਰੀ ਹਨ।

ਇਸੇ ਤਰ੍ਹਾਂ ਡਾ. ਸੇਨੂੰ ਦੁੱਗਲ ਨੂੰ ਮੈਂ ਲੋਕ ਸੰਪਰਕ ਵਿਭਾਗ ਵਿੱਚ ਲੰਬਾ ਸਮਾਂ ਕੰਮ ਕਰਦਿਆਂ ਵੇਖਿਆ ਹੈ। ਉਹ ਵਿਭਾਗ ਦੀਆਂ ਅਹਿਮ ਸ਼ਾਖ਼ਾਵਾਂ ਦੇ ਮੁੱਖੀ ਰਹੇ ਹਨ, ਜਿਨ੍ਹਾਂ ਵਿੱਚ ਪ੍ਰੈਸ ਸ਼ਾਖ਼ਾ, ਇਸ਼ਤਿਹਾਰ ਸ਼ਾਖ਼ਾ, ਸ਼ੋਸ਼ਲ ਮੀਡੀਆ ਅਤੇ ਪਨਮੀਡੀਆ ਸ਼ਾਮਲ ਹਨ। ਲੋਕ ਸੰਪਰਕ ਵਿਭਾਗ ਦਾ ਕੰਮ ਬਹੁਤ ਹੀ ਟੇਡੀ ਖੀਰ ਹੁੰਦਾ ਹੈ। ਉਹ ਅਤਿ ਨਾਜ਼ਕ ਹਾਲਾਤ ਵਿੱਚ ਰਾਤ-ਬਰਾਤੇ ਸ਼ਿੱਦਤ ਨਾਲ ਕੰਮ ਕਰਦੇ ਰਹੇ ਹਨ। ਆਪਣੀ ਪੜ੍ਹਾਈ ਵਿੱਚ ਉਹ ਗੋਲਡ ਮੈਡਲਿਸਟ ਹਨ। ਉਨ੍ਹਾਂ ਨੇ ਪੀ.ਐਚ.ਡੀ. ਆਰਟਸ ਐਂਡ ਸ਼ੋਸ਼ਲ ਸਾਇੰਸਿਜ਼ ਵਿਸ਼ੇ ਵਿੱਚ ਕੀਤੀ ਹੋਈ ਹੈ। ਉਨ੍ਹਾਂ ਦੀ ਵਿਰਾਸਤ ਸਾਹਿਤ, ਸੰਗੀਤ ਅਤੇ ਨ੍ਰਿਤ ਨਾਲ ਸਬੰਧਤ ਹੈ। ਉਨ੍ਹਾਂ ਦੀ ਮਾਤਾ ਸੁਰਿੰਦਰ ਕਪਿਲਾ ਪਟਿਆਲਾ ਵਿਖੇ ਲੜਕੀਆਂ ਦੇ ਕਾਲਜ ਦੇ ਪ੍ਰਿੰਸੀਪਲ ਰਹੇ ਹਨ। ਉਨ੍ਹਾਂ ਦੇ ਪਿਤਾ ਪ੍ਰੇਮ ਚੰਦ ਲੋਕ ਨਿਰਮਾਣ ਵਿਭਾਗ ਵਿੱਚ ਸਬ ਡਵੀਜਨਲ ਅਧਿਕਾਰੀ ਸਨ। ਉਨ੍ਹਾਂ ਦਾ ਪਿਛੋਕੜ ਲੁਧਿਆਣਾ ਜ਼ਿਲ੍ਹੇ ਦੇ ਸਾਹਨੇਵਾਲ ਕਸਬੇ ਨਾਲ ਹੈ। ਇਨ੍ਹਾਂ ਲੜਕੀਆਂ ਨੂੰ ਕੰਮ ਕਰਦਿਆਂ ਵੇਖ ਕੇ ਮਰਦ-ਔਰਤ ਦੇ ਬਰਾਬਰੀ ਦੇ ਸੰਕਲਪ ਦਾ ਪ੍ਰਗਟਾਵਾ ਹੁੰਦਾ ਹੈ।


ਪੂਨਮਦੀਪ ਕੌਰ


ਪਰਨੀਤ ਕੌਰ ਸ਼ੇਰਗਿੱਲ


ਪ੍ਰੀਤੀ ਯਾਦਵ


ਸਾਕਸ਼ੀ ਸਾਹਨੀ


ਸੇਨੂੰ ਦੁੱਗਲ


ਆਸ਼ਿਕਾ ਜੈਨ


ਬਲਦੀਪ ਕੌਰ


ਕੋਮਲ ਮਿੱਤਲ


ਰੂਹੀ ਧੁੱਗ


ਸੁਰਭੀ ਮਲਿਕ

## ਵੇਖਦੇ ਹੀ ਵੇਖਦੇ

-ਰਾਜ ਲਾਲੀ (ਬਟਾਲਾ)

ਵੇਖਦੇ ਹੀ ਵੇਖਦੇ ਸਭ ਜਲ ਤੋਂ ਪੱਥਰ ਹੋ ਗਏ,
ਸੋਗ ਵਿੱਚ ਇੰਝ ਲਹਿਰ ਤੜਫੀ, ਸ਼ਾਂਤ ਸਾਗਰ ਹੋ ਗਏ।

ਹੁਣ ਵਸਾਲੇ ਯਾਰ ਦੇ ਲਈ ਕਿਉਂ ਕਰਾਂ ਫਰਿਆਦ ਮੈਂ
ਜੋ ਵੀ ਖ਼ਤ ਉਸਨੂੰ ਲਿਖੇ ਉਹ ਖ਼ਾਕ ਪੱਤਰ ਹੋ ਗਏ।

ਹੁਣ ਤੁਹਾਡੇ ਹੁਕਮ ਦੀ ਤਾਂ ਹਰ ਤਰਫ ਤਾਮੀਲ ਹੈ
ਲੋਕ ਜੋ ਹੱਕ ਵਿਚ ਖੜ੍ਹੇ ਉਹ ਤਾਂ ਅਫ਼ਸਰ ਹੋ ਗਏ।

ਕੰਡਿਆਂ ਦੇ ਸ਼ਹਿਰ ਅੰਦਰ ਫੁੱਲ ਕਦੇ ਵਸਨੀਕ ਸਨ,
ਦੇਖ ਲੈ ਫੁੱਲਾਂ ਦੇ ਹੁਣ ਪੱਤੇ ਵੀ ਨਸ਼ਤਰ ਹੋ ਗਏ।

ਖ਼ੋਖਲੀ ਮੁਸਕਾਨ 'ਤੇ ਵੀ ਆ ਰਤਾ ਵਿਰਲਾਪ ਕਰ,
ਧੀ ਦੀ ਮਿੱਟੀ ਥਲਦਿਆਂ ਮਾਪੇ ਵੀ ਬੰਜਰ ਹੋ ਗਏ।

ਇਸ਼ਕ ਵਿਚ ਉਸਨੂੰ ਜੁਦਾਈ ਹੀ ਮਿਲੀ 'ਲਾਲੀ' ਜਦੋਂ,
ਉਸ ਦਿਆਂ ਗੀਤਾਂ ਦੇ ਮੁਖੜੇ ਸੋਗ ਮਾਤਰ ਹੋ ਗਏ।



**Prepare for Tomorrow Now With Comprehensive Retirement Planning**

- Annuities
- Life Insurance
- Long-Term Care
- Medicare Planning
- Disability Income

**Futurity First Insurance Group**



**Call Gurpreet Singh**
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health



COLDWELL BANKER REALTY
INTERNATIONAL DIAMOND SOCIETY

ਕੀ ਤੁਸੀਂ ਸ਼ਿਕਾਗੋਲੈਂਡ ਵਿੱਚ ਘਰ ਖਰੀਦਣ ਜਾਂ ਵੇਚਣ ਦਾ ਵਿਚਾਰ ਬਣਾ ਰਹੇ ਹੋਂ ?



ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
- ਖਰੀਦਣ ਵਿੱਚ
- ਵੇਚਣ ਵਿੱਚ
- ਨਿਵੇਸ਼ ਵਿੱਚ
- ਪ੍ਰਬੰਧਨ ਵਿੱਚ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
+1 847-322-5832
www.pradeepsinghrealtor.com
ishowhomes@yahoo.com
20 S Roselle Rd
Schaumburg IL 60193

ਪ੍ਰਦੀਪ ਸਿੰਘ
ਰੀਅਲਟਰ (14 ਸਾਲ ਦਾ ਅਨੁਭਵ)



Sizzle Foto Booth

Bronze PACKAGE | Silver PACKAGE | Platinum PACKAGE

**360 Degree video booth with Advanced slow motion.**

Starting at $465 per hour
Slow Motion Videos
Choice of Soundtrack
Custom Video Overlay
Social Sharing Station
Text & Email Video Messaging.

Starting at $535 per Hour
Slow Motion videos
Choice of Soundtrack
Custom Video Overlay
Social Sharing Station
Text and Email Video Messaging.
(2) LED full Color Light Panels
Money Gun
Confetti Guns

**Life is better slowed down.**



Starting at $575 per Hour
Slow Motion videos
Choice of Soundtrack
Custom Video Overlay
Social Sharing Station
Text and Email Video Messaging.
(2) LED full Color Light Panels
Money Gun
Confetti Guns
VIP Red Carpet

All packages come with a professional photo booth attendant and standard props package.

**Sizzle 360°**

Call: Tirf Alexius, Ph. 773-828-8121
Talexius@sizzlefotobooth.com sizzlefotobooth.com

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਮੇਲੇ ’ਚ ਜੈਜ਼ੀ ਦੇ ਚਰਚੇ

## ਕਬੱਡੀ ਕੱਪ “ਸੰਦੀਪ ਨੰਗਲ ਅੰਬੀਆਂ ਬੇਅ ਏਰੀਆ ਕੈਲੀਫੋਰਨੀਆ ਕਬੱਡੀ ਕਲੱਬ” ਨੇ ਜਿੱਤਿਆ

**ਕੁਲਜੀਤ ਦਿਆਲਪੁਰੀ**

**ਸ਼ਿਕਾਗੋ:** ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਵਰਲਡ ਕਬੱਡੀ ਕੱਪ ਸਫਲਤਾਪੂਰਵਕ ਨੇਪਰੇ ਚੜ੍ਹ ਗਿਆ ਅਤੇ ਦਰਸ਼ਕਾਂ ਨੇ ਕਬੱਡੀ ਦੇ ਮੁਕਾਬਲਿਆਂ ਦੇ ਨਾਲ ਨਾਲ ਗਾਇਕ ਜੈਜ਼ੀ ਬੀ ਦੇ ਅਖਾੜੇ ਦਾ ਭਰਪੂਰ ਅਨੰਦ ਮਾਣਿਆ। ਇਸ ਮੇਲੇ ਲਈ ਕਲੱਬ ਦੀ ਪ੍ਰਬੰਧਕੀ ਟੀਮ ਦੀ ਮਿਹਨਤ ਸਪੱਸ਼ਟ ਦਿਸ ਰਹੀ ਸੀ। ਮੇਲੇ ਲਈ ਜ਼ਿਆਦਾਤਰ ਪ੍ਰਬੰਧ ਪੁਖ਼ਤਾ ਸਨ, ਜਿਸ ਕਾਰਨ ਦਰਸ਼ਕ ਮੇਲੇ ਦੇ ਨਜ਼ਾਰਿਆਂ ਤੋਂ ਖੁਸ਼ ਸਨ ਅਤੇ ਪ੍ਰਬੰਧਕ ਵੀ ਮੇਲੇ ਦੀ ਸਫਲਤਾ ਤੋਂ ਬਾਗੋ ਬਾਗ ਨਜ਼ਰ ਆਏ। ਮੇਲੇ ਵਿਚ ਜਿਥੇ ਕਬੱਡੀ ਦਾ ਫਾਈਨਲ ਮੈਚ ਬੜਾ ਦਿਲਚਸਪ ਰਿਹਾ, ਉਥੇ ਗਾਇਕਾਂ ਨੂੰ ਵੀ ਆਪਣੀ ਗਾਇਕੀ ਦਾ ਮੁਜਾਹਰਾ ਕਰਨ ਲਈ ਕਾਫੀ ਸਮਾਂ ਮਿਲ ਗਿਆ। ਇਹ ਵੀ ਦਿਲਚਸਪ ਸੀ ਕਿ ਇਸ ਮੇਲੇ ਵਿੱਚ ਕਰੀਬ ਸਾਰੇ ਖੇਡ ਕਲੱਬਾਂ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਬਾਬਾ ਦਲਜੀਤ ਸਿੰਘ ਨੇ ਮੇਲੇ ਦੀ ਕਾਮਯਾਬੀ ਤੇ ਸੁਖ ਸ਼ਾਂਤੀ ਦੀ ਅਰਦਾਸ ਕੀਤੀ। ਦੁਪਹਿਰ ਦੋ ਕੁ ਵਜੇ ਤੱਕ ਮੇਲਾ ਬਹੁਤਾ ਭਰਵਾਂ ਨਹੀਂ ਸੀ, ਪਰ ਬਾਅਦ ਵਿੱਚ ਮੇਲਾ ਪੂਰੇ ਜੋਬਨ ਉਤੇ ਹੋ ਗਿਆ ਸੀ। ਮੌਸਮ ਵੀ ਸੁਹਾਵਣਾ ਰਿਹਾ, ਉਂਜ ਅਸਮਾਨ ਵਿੱਚ ਇੱਕ ਵਾਰ ਤਾਂ ਕਾਲੀਆਂ ਘਟਾਵਾਂ ਵੀ ਚੜ੍ਹ ਆਈਆਂ ਸਨ।







ਜੈਜ਼ੀ ਬੀ ਦੀ ਸਟੇਜ ਉੱਤੋਂ ਪੇਸ਼ਕਾਰੀ ਸਬੰਧੀ ਕੁਝ ਸਰੋਤੇ ਚਾਹ ਰਹੇ ਸਨ ਕਿ ਜੈਜ਼ੀ ਗਾਉਣਾ ਜਲਦੀ ਸ਼ੁਰੂ ਕਰੇ ਅਤੇ ਘੱਟੋ-ਘੱਟ ਢਾਈ-ਤਿੰਨ ਘੰਟੇ ਗਾਉਂਦਾ ਰਹੇ। ਸਿਰਫ 40-45 ਮਿੰਟ ਦੇ ਆਪਣੀ ਗਾਇਕੀ ਦੇ ਪ੍ਰਦਰਸ਼ਨ ਦੌਰਾਨ ਹੀ ਜੈਜ਼ੀ ਨੇ ਸਰੋਤਿਆਂ, ਖਾਸਕਰ ਮੁੰਡ੍ਹੀਰ ਨੂੰ ਆਪਣੇ ਗੀਤਾਂ ਦੇ ਰੰਗ ਵਿੱਚ ਰੰਗ ਲਿਆ; ਕਬੱਡੀ ਦੇ ਮੈਚਾਂ ਤੋਂ ਇਲਾਵਾ ਉਹ ਮੇਲੇ ਦਾ ਖ਼ਾਸ ਆਕਰਸ਼ਣ ਜੋ ਸੀ! ਆਪਣੀ ਗਾਇਕੀ ਦੇ ਦਮ ਉਤੇ ਅਤੇ ਕਲਾਕਾਰ ਤੇ ਸਰੋਤੇ ਵਿਚਲਾ ਫਰਕ ਮਿਟਾ ਕੇ ਉਹ ਲਗਾਤਾਰ ਗਾਉਂਦਾ ਰਿਹਾ। ਉਸ ਨੇ ਬੜੇ ਤਹੱਮਲ ਨਾਲ ਸਰੋਤਿਆਂ ਨਾਲ ਰਾਬਤਾ ਬਣਾਈ ਰੱਖਿਆ। ਨਾਲ ਹੀ ਕੁਝ ਵਿਅੰਗ ਤੇ ਨਸੀਹਤ ਭਰਪੂਰ ਗੱਲਾਂ ਦਾ ਛੱਟਾ ਵੀ ਕੇਰਿਆ ਅਤੇ ਮਾਂ ਬੋਲੀ ਪੰਜਾਬੀ ਪ੍ਰਤੀ ਹੇਜ ਵੀ ਪ੍ਰਗਟਾਇਆ।

ਭਾਰਤ ਵਿੱਚ ਸਿੱਖ ਜਥੇਬੰਦੀਆਂ ਪ੍ਰਤੀ ਬੇਰੁਖੀ ਭਰੇ ਰਵੱਈਏ ਉੱਤੇ ਉਸ ਨੇ ਤਨਜ਼ ਕੱਸੀ ਅਤੇ ਕਿਹਾ ਕਿ ਸਿੱਖ ਕੌਮ ਸਰਬੱਤ ਦਾ ਭਲਾ ਮੰਗਦੀ ਹੈ, ਪਰ ਜੇ ਕੋਈ ਜ਼ੁਲਮ ਢਾਹੇ ਤਾਂ ਪਿੱਛੇ ਵੀ ਨਹੀਂ ਹਟਦੀ। ਉਸ ਨੇ ‘ਖਾਲਸਾ ਏਡ’ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਤੇ ਭਾਈਚਾਰੇ ਨੂੰ ਉਹਦਾ ਸਾਥ ਦੇਣ ਦੀ ਗੱਲ ਕਹੀ। ਉਹ ਬੋਲਿਆ ਕਿ ਪੰਜਾਬੀਆਂ ਨੂੰ ਕੋਈ ਡਰਾ ਨਹੀਂ ਸਕਦਾ, ਪਰ ਨਾਲ ਹੀ ਸਲਾਹ ਦਿੱਤੀ ਕਿ ਆਪਸ ਵਿੱਚ ਨਾ ਲੜਿਆ ਕਰੋ। ਧਰਮਾਂ, ਜਾਤਾਂ ਪਿੱਛੇ ਨਾ ਲੜੋ ਕਿਉਂਕਿ ਇਨਸਾਨੀਅਤ ਪਹਿਲੋਂ ਹੈ। ਉਸ ਨੇ ਸਾਧਾਂ ਦੇ ਡੇਰਿਆਂ ’ਤੇ ਤੁਰਨ ਨਾਲੋਂ ਮਾਂ-ਪਿਓ ਦੀ ਸੇਵਾ ਕਰਨ ਦੀ ਨਸੀਹਤ ਕਰਦਿਆਂ “ਮਾਂ” ਬਾਰੇ ਗੀਤ ਪੇਸ਼ ਕੀਤਾ। ਸੋਸ਼ਲ ਮੀਡੀਆ ਉੱਤੇ ਮਸ਼ਹੂਰ ਹੋਈ “ਪਰੌਂਠੀ ਵਾਲੀ ਬੀਬੀ” ਦਾ ਜ਼ਿਕਰ ਛੋਂਹਦਿਆਂ ਜੈਜ਼ੀ ਨੇ ਕਿਹਾ ਕਿ ਟਿੱਕਟੌਕ ਬੇਸ਼ੱਕ ਵਰਤੋਂ, ਪਰ ਕੋਈ ਇੱਦਾਂ ਦਾ ਨਾ ਹੋਵੇ, ਜੋ ਆਪਣੀ ਸਿੱਖੀ ਤੇ ਆਪਣੀ ਕੌਮ ਨੂੰ ਨਿੰਦੇ। ਸਿੱਖ ਕੌਮ ਤਾਂ ਸਭ ਲਈ ਖੁੱਲ੍ਹਾ ਲੰਗਰ ਲਾ ਦਿੰਦੀ ਹੈ। ਉਹ ਜੈਜ਼ੀ ਬੀ ਤੋਂ ਜਸਵਿੰਦਰ ਸਿੰਘ ਬੈਂਸ ਬਣ ਗਿਆ ਲਗਦਾ ਸੀ।

ਇਸ ਤੋਂ ਇਲਾਵਾ ਉਸ ਨੇ ਬੱਚਿਆਂ ਨੂੰ ਸੋਸ਼ਲ ਮੀਡੀਆ ਦੇ ਇੰਜਣਾਂ ਤੋਂ ਬਚ ਕੇ ਰਹਿਣ ਦੀ ਸਲਾਹ ਦਿੱਤੀ ਕਿ ਇਸ ਦੀ ਦੁਨੀਆਂ ਨਕਲੀ ਹੈ। ਉਸ ਨੇ ਬੱਚਿਆਂ ਨੂੰ ਆਪਣੇ ਮਾਪਿਆਂ ਦੇ ਆਗਿਆਕਾਰੀ ਬਣਨ ਲਈ ਪ੍ਰੇਰਿਆ। ਮਾਪਿਆਂ ਅੱਗੇ ਮੂੰਹਫਟ ਬਣਨ ਵਾਲੇ ਬੱਚਿਆਂ ਦੀ ਗੱਲ ਕਰਦਿਆਂ ਉਸ ਨੇ ਤੋੜਾ ਝਾੜਿਆ ਕੇ ਅੱਜ ਕੱਲ ਬੱਚੇ 13-14 ਸਾਲ ਦੀ ਉਮਰ ਵਿੱਚ ਹੀ ਜਵਾਨ ਹੋ ਜਾਂਦੇ ਹਨ, ਜਦਕਿ ਪਹਿਲਾਂ ਜਵਾਨੀ 18-20 ਸਾਲ ਦੀ ਉਮਰੇ ਚੜ੍ਹਦੀ ਸੀ। ਉਸ ਨੇ ਬੱਚਿਆਂ ਨੂੰ ਸੁਪਨੇ ਸਿਰਜਣ ਤੇ ਉਨ੍ਹਾਂ ਨੂੰ ਪੂਰਿਆਂ ਕਰਨ ਖਾਤਿਰ ਮਿਹਨਤ ਦਾ ਪੱਲਾ ਫੜਨ ਲਈ ਪ੍ਰੇਰਿਆ। ਜੈਜ਼ੀ ਨੇ ਸਟੇਜ ਤੋਂ ਆਪਣੇ ਮੁੰਡੇ ਦਾ ਤੁਆਰਫ਼ ਵੀ ਕਰਵਾਇਆ ਅਤੇ ਆਪਣੇ ਉਸਤਾਦ ਕੁਲਦੀਪ ਮਾਣਕ ਨੂੰ ਵੀ ਗੱਲਾਂ ਗੱਲਾਂ ਵਿੱਚ ਯਾਦ ਕੀਤਾ। ਉਸ ਦੀ ਟੀਮ ਦੇ ਇੱਕ ਮੈਂਬਰ ਨੇ ਕੁਲਦੀਪ ਮਾਣਕ ਦੀ ਤਸਵੀਰ ਅਤੇ “ਤੇਰੇ ਟਿੱਲੇ ਤੋਂ” ਸ਼ਬਦ ਉਕਰੇ ਵਾਲੀ ਜੈਕਟ ਪਾਈ ਹੋਈ ਸੀ।





ਜੈਜ਼ੀ ਨੇ ਸਰੋਤਿਆਂ ਨੂੰ “ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ” ਬੁਲਾਉਣ ਉਪਰੰਤ “ਲੈ ਕੇ ਕਲਗੀਧਰ ਤੋਂ ਥਾਪੜਾ” ਵਾਰ ਪੇਸ਼ ਕੀਤੀ। ਉਸ ਨੇ ਸਿਰ ਰੁਮਾਲ ਨਾਲ ਢਕ ਲਿਆ ਸੀ ਅਤੇ ਪੈਰਾਂ ’ਚੋਂ ਬੂਟ ਲਾਹ ਦਿੱਤੇ ਸਨ। ਜੈਜ਼ੀ ਨੇ “ਬੜੇ ਔਖੇ ਨੇ ਤਰੱਕੀ ਵਾਲੇ ਰਾਹ ਲੋਕੋ”, “ਪਾਉਣ ਭੰਗੜੇ ਤੇ ਖੇਡਣ ਕਬੱਡੀਆਂ, ਸੋਹਣੇ ਗੱਭਰੂ ਪੰਜਾਬ ਦੇ”, “ਜਿਹਨੇ ਮੇਰਾ ਦਿਲ ਲੁੱਟਿਆ”, “ਰੈਂਬੋ ਰੈਂਬੋ” ਸਮੇਤ ਕੁਝ ਹੋਰ ਗੀਤ ਗਾਏ। ਉਸ ਨਾਲ ਸੈਲਫੀਆਂ ਖਿੱਚਣ ਨੂੰ ਕਾਹਲੇ ਪਏ ਸਰੋਤਿਆਂ ਨੂੰ ਉਸ ਨੇ ਕਹਿ ਦਿੱਤਾ ਸੀ ਕਿ ਉਹ ਸਭ ਨਾਲ ਫੋਟੋਆਂ ਖਿੱਚਵਾਏਗਾ ਤੇ ਸਟੇਜ ਉੱਤੇ ਗਾਉਂਦਿਆਂ ਲੋਕਾਂ ਨਾਲ ਤਸਵੀਰਾਂ ਖਿਚਵਾਉਣ ਸਮੇਂ ਉਹਨੇ ਕੋਈ ਉਜਰ ਵੀ ਨਾ ਕੀਤਾ। ਇੱਕ ਵਾਰ ਤਾਂ ਸਟੇਜ ਉੱਤੇ ਪੂਰਾ ਘੜਮੱਸ ਪੈ ਗਿਆ ਸੀ। ਬੇਸ਼ੱਕ ਕਬੱਡੀ ਦੇ ਮੈਚ ਵੀ ਦਿਲਚਸਪ ਸਨ, ਪਰ ਅਸਲ ਅਰਥਾਂ ਵਿੱਚ ਮੇਲਾ ਜੈਜ਼ੀ ਦੇ ਨਾਂ ਹੀ ਰਿਹਾ।




ਇਸ ਤੋਂ ਪਹਿਲਾਂ ਮਹਿਮਾਨ ਗਾਇਕਾ ਜੈਨੀ ਜੌਹਲ ਨੇ ਗਾਇਕੀ ਦੀ ਸਟੇਜ ਭਖਾਈ। ਜਦੋਂ ਉਸ ਨੇ ਪੌਣਾ ਕੁ ਘੰਟਾ ਗਾ ਲਿਆ ਤਾਂ ਕੁਝ ਸਰੋਤਿਆਂ ਨੂੰ ਸ਼ੱਕ ਹੋਇਆ ਕਿ ਖ਼ੌਰੇ ਜੈਜ਼ੀ ਬੀ ਆਇਆ ਹੀ ਨਹੀਂ, ਜਿਹੜਾ ਜੈਨੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ...







# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਮੇਲੇ 'ਚ ਜੈਜ਼ੀ ਦੇ ਚਰਚੇ

ਜੌਹਲ ਇੰਨਾ ਸਮਾਂ ਲੰਘਾਈ ਜਾਂਦੀ ਹੈ। ਜਦੋਂ ਜੈਜ਼ੀ ਦੇ ਗਾਉਣ ਦੇ ਸਮੇਂ ਦਾ ਐਲਾਨ ਹੋਇਆ, ਤਾਂ ਕਿਤੇ ਜਾ ਕੇ ਕਈਆਂ ਨੂੰ ਯਕੀਨ ਹੋਇਆ। ਜ਼ਿਕਰਯੋਗ ਹੈ ਕਿ ਮੇਲੇ ਦਾ ਇੱਕੋ ਇੱਕ ਗਾਇਕ ਪਹਿਲਾਂ ਸਿਰਫ਼ ਜੈਜ਼ੀ ਬੀ ਹੀ ਸੀ। ਜੈਨੀ ਨੇ ਕੁਝ ਆਪਣੇ ਅਤੇ ਕੁਝ ਦੂਜੇ ਗਾਇਕਾਂ ਦੇ ਗੀਤ ਸੁਣਾਏ। ਸਿੱਧੂ ਮੂਸੇਵਾਲਾ ਦਾ ਗੀਤ "ਡਾਲਰਾਂ ਵਾਂਗੂ ਨੀਂ ਨਾਂ ਸਾਡਾ ਚੱਲਦਾ" ਵੀ ਗਾਇਆ। ਉਸ ਦੇ ਗਾਉਣ








ਉਪਰੰਤ ਕੈਲੀਫੋਰਨੀਆ ਤੋਂ ਆਏ ਗਾਇਕ ਰਾਜਪਾਲ ਸੰਧੂ ਨੇ ਸਿਕੰਦਰ ਸਿੰਘ ਔਜਲਾ ਦਾ ਗੀਤ "ਹਵੇਲੀ" ਪੇਸ਼ ਕੀਤਾ। ਉਹ ਹੋਰ ਗਾਉਣਾ ਚਾਹੁੰਦਾ ਸੀ, ਪਰ ਜੈਜ਼ੀ ਦੇ ਗਾਉਣ ਦਾ ਸਮਾਂ ਲੰਘਦਾ ਜਾਂਦਾ ਸੀ।

ਗਾਇਕੀ ਦੇ ਦੌਰ ਤੋਂ ਪਹਿਲਾਂ ਕਬੱਡੀ ਦੇ ਮੈਚਾਂ ਦੁਆਲੇ ਦਰਸ਼ਕਾਂ ਦੀ ਭੀੜ ਜੁੜੀ ਹੋਈ ਸੀ। ਕਬੱਡੀ ਦੇ ਕਰੌਸ ਮੈਚਾਂ ਅਤੇ ਸੈਮੀਫਾਈਨਲ ਵਿੱਚ ਚਾਰ ਟੀਮਾਂ ਦੇ ਭੇੜ ਹੋਏ, ਜਿਨ੍ਹਾਂ ਵਿੱਚ ਬਾਬਾ ਸੰਗ ਜੀ ਮਿੱਡਵੈਸਟ ਕਬੱਡੀ ਕਲੱਬ, ਨਾਰਥ ਅਮੈਰਿਕਾ ਹਰਖੋਵਾਲ ਤੇ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਸੈਕਰਾਮੈਂਟੋ, ਸੰਦੀਪ ਨੰਗਲ ਅੰਬੀਆਂ ਬੇਅ ਏਰੀਆ ਕੈਲੀਫੋਰਨੀਆ ਕਬੱਡੀ ਕਲੱਬ ਅਤੇ ਨਿਊ ਯਾਰਕ ਕਬੱਡੀ ਕਲੱਬ ਸ਼ਾਮਲ ਸਨ।

ਸੈਮੀ ਫਾਈਨਲ ਅਤੇ ਫਾਈਨਲ ਮੈਚ ਦੌਰਾਨ ਕਬੱਡੀ ਖਿਡਾਰੀਆਂ ਨੇ ਵਧੀਆ ਪ੍ਰਦਰਸ਼ਨ ਕੀਤਾ। ਜਦੋਂ ਕੋਈ ਜਾਫੀ ਕਿਸੇ ਧਾਵੀ ਨੂੰ ਡੱਕ ਲੈਂਦਾ ਜਾਂ ਕੋਈ ਧਾਵੀ ਕਿਸੇ ਜਾਫੀ ਤੋਂ ਛੁਟ ਛਲਾਂਗਾਂ ਮਾਰਦਾ ਹੰਦਿਆਂ ਵੱਲ ਨੂੰ ਵੱਧਦਾ ਤਾਂ ਨਜ਼ਾਰਾ ਦਿਲਚਸਪ ਬਣ ਜਾਂਦਾ। ਤੂਫ਼ਾਨ ਜੋਗੇਵਾਲ ਵੀ ਪੂਰਾ ਚੜ੍ਹ ਚੜ੍ਹ ਤੇ ਚਾਂਗਰਾਂ ਮਾਰਦਾ ਖੇਡ ਰਿਹਾ ਸੀ। ਕਦੇ ਕਦੇ ਤਾਂ ਇਉਂ ਜਾਪਦਾ ਸੀ, ਜਿਵੇਂ ਜ਼ੋਰ ਸਿਰਫ ਖਿਡਾਰੀਆਂ ਦਾ ਹੀ ਨਹੀਂ ਲੱਗ ਰਿਹਾ, ਸਗੋਂ ਦਰਸ਼ਕ ਵੀ ਜ਼ੋਰ ਕਰ ਰਹੇ ਹੋਣ।

ਫਾਈਨਲ ਮੈਚ ਵਿੱਚ ਸੰਦੀਪ ਨੰਗਲ ਅੰਬੀਆਂ ਬੇਅ ਏਰੀਆ ਕੈਲੀਫੋਰਨੀਆ ਕਬੱਡੀ ਕਲੱਬ ਦੇ ਪਾਲਾ ਜਲਾਲਪੁਰ, ਖੁਸ਼ੀ ਦੁੱਗਾ, ਸ਼ਮੀਰ ਖਾਨ ਤੇ ਹੈਪੀ ਸਿੱਧੜਾਂ ਵਾਲਾ ਨੇ ਜ਼ਬਰਦਸਤ ਜਕੜਜੰਦ ਲਾਏ, ਜਦਕਿ ਸੁਲਤਾਨ ਸੰਦੀਪ, ਦੁੱਲਾ ਬੱਗਾ ਪਿੰਡ, ਮੈਕਸੀਕਨ ਮੂਲ ਦੇ ਹੈਰੋ ਚਾਵੇਜ਼, ਰਾਜੂ ਕੋਟਲਾ ਭਰੀ ਤੇ ਦੱਲੀ ਦੇ ਧਾਵਿਆਂ ਦਾ ਵੀ ਖੇਡ ਮੈਦਾਨ ਵਿੱਚ ਚਰਚਾ ਸੀ। ਇਹੋ ਟੀਮ ਵਰਲਡ ਕਬੱਡੀ ਕੱਪ ਸ਼ਿਕਾਗੋ ਆਪਣੇ ਨਾਂ ਕਰਨ ਵਿੱਚ ਕਾਮਯਾਬ ਰਹੀ, ਜਦਕਿ ਸਾਂਝੇ ਤੌਰ 'ਤੇ ਖੇਡੀ ਨਾਰਥ ਅਮੈਰਿਕਾ ਹਰਖੋਵਾਲ ਅਤੇ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਦੂਜੇ ਥਾਂ ਰਹੀ। ਇਸ ਟੀਮ ਦੇ ਧਾਵੀਆਂ- ਜੱਗਾ ਰੰਧਾਵਾ, ਸੇਠੀ ਹਰਖੋਵਾਲ, ਹੈਪੀ ਸੈਂਪਲੀ ਸਾਹਿਬ, ਗਗਨ ਨਾਗਰਾ ਤੇ ਮੱਖਣ ਅਲੀ ਅਤੇ ਜਾਫੀਆਂ- ਅਮਨ ਖਿਗਲੀ, ਸ਼ਿੰਦਰ ਘੜਾ, ਰੂਪੀ ਹਰਖੋਵਾਲ, ਰਣਜੀਤ ਤੇ ਬੰਟੀ ਰਾਜਪੁਰ ਭਾਈਆਂ ਨੇ ਵੀ ਚੰਗਾ ਖੇਡ ਪ੍ਰਦਰਸ਼ਨ ਕੀਤਾ। ਬਾਬਾ ਸੰਗ ਜੀ ਮਿੱਡਵੈਸਟ ਕਬੱਡੀ ਕਲੱਬ ਦੀ ਟੀਮ ਵਿੱਚ ਜਾਫੀ ਲੱਖਾ ਚੀਮਾ, ਬਾਦਲ ਕਾਰੀਸਾਰੀ, ਲੱਖਾ ਕੋਠੇ ਜੱਟਾਂ ਤੇ ਨਵਜੋਤ ਲੋਟਾ ਅਤੇ ਧਾਵੀ ਡਿੰਪੀ ਬੁਰਜਹਰੀ, ਸੋਨਾ ਕੋਟ ਗੰਗੂਰਾਏ, ਬਰਿੰਦਰ ਹਰੀਕੇ ਤੇ ਮਨੀ ਤਲਵਣ ਸ਼ਾਮਲ ਸਨ।

ਹੈਰੋ ਚਾਵੇਜ਼ ਪੂਰੀ ਦਿਆਨਤਦਾਰੀ ਨਾਲ ਖੇਡਿਆ। ਕਈਆਂ ਨੇ ਉਸ ਦੇ ਭਰਾ ਹਸੂਸ ਚਾਵੇਜ਼ ਦੀ ਮੌਤ ਉੱਤੇ ਹੈਰੋ ਨਾਲ ਅਫਸੋਸ ਪ੍ਰਗਟਾਇਆ। ਜ਼ਿਕਰਯੋਗ ਹੈ ਕਿ ਦੋਵੇਂ ਭਰਾਵਾਂ ਦਾ ਅਮਰੀਕਾ ਭਰ ਦੇ ਕਬੱਡੀ ਮੇਲਿਆਂ ਵਿੱਚ ਪੂਰਾ ਨਾਂ ਵੱਜਦਾ ਰਿਹਾ ਹੈ। ਹੋਰਨਾਂ ਦੇਸ਼ਾਂ ਵਿੱਚ ਵੀ ਉਹ ਆਪਣੀ ਉਮਦਾ ਖੇਡ ਦਾ ਪ੍ਰਦਰਸ਼ਨ ਕਰ ਚੁੱਕੇ ਹਨ। ਸ਼ਿਕਾਗੋ ਕਬੱਡੀ ਕੱਪ ਮੌਕੇ ਹੈਰੋ ਦੇ ਇਕੱਲੇ ਖੇਡਣ 'ਤੇ ਬਹੁਤੇ ਖੇਡ ਪ੍ਰੇਮੀਆਂ ਨੇ ਹਸੂਸ ਦੀ ਖੇਡ ਨੂੰ ਯਾਦ ਕੀਤਾ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਸ਼ਿਕਾਗੋ ਕਬੱਡੀ ਮੇਲਿਆਂ ਵਿੱਚ ਹਸੂਸ ਚਾਵੇਜ਼ ਬੜੀ ਫੁਰਤੀ ਨਾਲ ਖੇਡਦਾ ਰਿਹਾ ਸੀ।

ਮੇਲੇ ਵਿੱਚ ਵਧੀਆ ਧਾਵੀ ਸੁਲਤਾਨ ਸੰਦੀਪ ਅਤੇ ਵਧੀਆ ਜਾਫੀ ਖੁਸ਼ੀ ਦੁੱਗਾ ਐਲਾਨੇ ਗਏ, ਜਿਨ੍ਹਾਂ ਨੂੰ ਹਜ਼ਾਰ-ਹਜ਼ਾਰ ਡਾਲਰ ਤੇ ਸਨਮਾਨ ਚਿੰਨ੍ਹ ਦਿੱਤਾ ਗਿਆ।





ਹਰਦੀਪ ਸਿੰਘ (ਦੀਪਾ) ਬੰਦੇਸ਼ਾ, ਤਾਰੀ ਸੰਗ ਢੇਸੀਆਂ, ਵਿੱਕੀ ਸੰਮੀਪੁਰ, ਪਿੰਦਾ ਸੈਂਬੀ ਤੇ ਅਮਰਜੀਤ ਦੀ ਦੇਖ-ਰੇਖ ਹੇਠ ਮੈਚ ਹੋਏ। ਨੀਟੂ, ਦਵਿੰਦਰ ਕੋਚ, ਪੰਡਤ ਸੁਰਖਪੁਰ ਤੇ ਪੱਪੂ ਭਦੌੜ ਰੈਫਰੀ ਸਨ।

ਮੱਖਣ ਅਲੀ ਤੇ ਕਾਲਾ ਰਛੀਨ ਨੇ ਕਬੱਡੀ ਦੀ ਲੱਛੇਦਾਰ ਕਮੈਂਟਰੀ ਕੀਤੀ ਅਤੇ 'ਕੱਲੇ 'ਕੱਲੇ ਜਾਫੀ ਤੇ ਧਾਵੀ ਦਾ ਨਾਂ ਲੈ ਲੈ ਕੇ ਉਸ ਦੀ ਖੇਡ ਬਾਰੇ ਚਾਨਣਾ ਵੀ ਪਾਇਆ। ਖਿਡਾਰੀਆਂ ਦੇ ਕਬੱਡੀ ਦੇ ਦਾਅ ਪੇਚ ਵੇਖਦਿਆਂ ਡਾਲਰਾਂ ਦੇ ਇਨਾਮ ਐਲਾਨ ਹੋ ਗਏ ਸਨ ਤੇ ਸਪਾਂਸਰਾਂ ਨੇ ਜੇਬਾਂ ਹੌਲ਼ੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਕਬੱਡੀ ਖਿਡਾਰੀਆਂ ਉਤੇ ਡਾਲਰ ਵਾਰਦੇ ਸਪਾਂਸਰਾਂ ਦਾ ਵੀ ਕੁਮੈਂਟੇਟਰ ਨਾਂ ਲੈ ਰਹੇ ਸਨ। ਹਾਲਾਂਕਿ ਕਈ ਵਾਰ ਉਹ ਆਪਣੇ ਚਹੇਤਿਆਂ ਦੇ ਨਾਮ ਗਿਣਾਉਣੋਂ ਹੀ ਨਾ ਹਟਦੇ, ਪਰ ਫਿਰ ਵੀ ਉਨ੍ਹਾਂ ਦੋਹਾਂ ਨੇ ਕਬੱਡੀ ਨਾਲ ਸਬੰਧਤ ਸ਼ੇਅਰੋ ਸ਼ਾਇਰੀ ਕਰਦਿਆਂ ਕਬੱਡੀ ਦੇ ਜੱਫਿਆਂ-ਧੱਫਿਆਂ ਦਾ ਬਾਖ਼ੂਬੀ ਵਿਖਿਆਨ ਕੀਤਾ।

ਇਸ ਤੋਂ ਇਲਾਵਾ ਕਲੱਬ ਦੇ ਇੱਕ ਅਹਿਮ ਪ੍ਰਬੰਧਕ ਮੁਖਤਿਆਰ ਸਿੰਘ ਉਰਫ ਹੈਪੀ ਹੀਰ ਮੇਲਾ ਵੇਖਣ ਆਏ ਹਰ ਭਾਈਚਾਰਕ ਸੱਜਣ ਦਾ ਨਾਮ ਲੈ ਲੈ ਕੇ ਉਸ ਨੂੰ ਜੀ ਆਇਆਂ ਨੂੰ ਆਖ ਰਹੇ ਸਨ। ਇਹ ਸਭ ਵੇਖ-ਸੁਣ ਕੇ ਕੁਝ ਲੋਕ ਕਹਿ ਰਹੇ ਸਨ ਕਿ ਇਸ ਮਾਮਲੇ ਵਿੱਚ ਹੈਪੀ ਹੀਰ ਦਾ ਕੋਈ ਸਾਨੀ ਨਹੀਂ, ਸੈਂਕੜੇ ਹੀ ਨਾਂ ਉਸ ਦੀ ਜ਼ੁਬਾਨ 'ਤੇ ਹਨ। ਕਲੱਬ ਦੇ ਪ੍ਰਧਾਨ ਲਖਵੀਰ ਸਿੰਘ ਲੱਕੀ ਸਹੋਤਾ ਵੀ ਆਏ ਮਹਿਮਾਨਾਂ ਪ੍ਰਤੀ ਉਤਸ਼ਾਹ ਨਾਲ ਭਰੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਮਸ਼ਰੂਫ ਸਨ। ਡਾ. ਹਰਜਿੰਦਰ ਸਿੰਘ ਖਹਿਰਾ ਨੇ ਵੀ ਮੰਚ ਸੰਭਾਲੀ ਰੱਖਿਆ। ਅਜੈਬ ਸਿੰਘ ਲੱਖਣ, ਸੰਤੋਖ ਸਿੰਘ ਘੁੰਮਣ ਉਰਫ ਡੀ.ਸੀ., ਜਿੰਦੀ ਦਿਆਲ, ਨਰਿੰਦਰ ਸਿੰਘ ਸਰਾਂ, ਹਰਵਿੰਦਰ ਸਿੰਘ (ਬਿੱਲਾ) ਘੋਤੜਾ, ਜਸਕਰਨ ਸਿੰਘ ਧਾਲੀਵਾਲ, ਮਿੱਢਾ ਮਾਹਲਪੁਰ ਅਤੇ ਹੋਰ ਪ੍ਰਬੰਧਕ ਆਪੋ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਡਟੇ ਹੋਏ ਸਨ।

ਅਗਲੇ ਸਾਲ ਲਈ ਕਲੱਬ ਦੇ ਪ੍ਰਧਾਨ ਸੰਤੋਖ ਸਿੰਘ ਘੁੰਮਣ ਹੋਣਗੇ, ਜਿਸ ਦਾ ਐਲਾਨ ਮੇਲੇ ਦੌਰਾਨ ਕੀਤਾ ਗਿਆ। ਵਿਸ਼ੇਸ਼ ਮਹਿਮਾਨ ਦਰਸ਼ਨ ਸਿੰਘ ਧਾਲੀਵਾਲ ਨੇ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ। ਉਨ੍ਹਾਂ ਕਬੱਡੀ ਅਤੇ ਵਾਲੀਬਾਲ ਦੀਆਂ ਜੇਤੂ ਟੀਮਾਂ ਨੂੰ ਟਰਾਫੀਆਂ ਤੇ ਮੇਲੇ ਦੇ ਸਪਾਂਸਰਾਂ ਨੂੰ ਯਾਦਗਾਰੀ ਚਿੰਨ੍ਹ ਵੀ ਤਕਸੀਮ ਕੀਤੇ। ਵਾਲੀਬਾਲ ਦੇ ਮੁਕਾਬਲਿਆਂ ਵਿੱਚ ਵਾਰਿਸ ਵਾਲੀਆ ਦੀ ਵਾਰਾਸੌਕ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਟੋਨੀ ਸੰਘੇੜਾ ਦੀ ਟੀਮ ਸ਼ਿਕਾਗੋ ਲਾਇਨਜ਼ ਦੂਜੇ ਨੰਬਰ ਉੱਤੇ ਰਹੀ।

ਇਹ ਕਬੱਡੀ ਕੱਪ ਸਵਰਗੀ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਤੇ ਸਵਰਗੀ ਹਰਭਜਨ ਸਿੰਘ ਘੁਮਾਣ ਦੀ ਯਾਦ ਵਿੱਚ ਕਰਵਾਇਆ ਗਿਆ। ਵਿਸ਼ੇਸ਼ ਮਹਿਮਾਨਾਂ ਵਿੱਚ ਘੁਮਾਣ ਭਰਾ- ਹਰਸ਼ਰਨ ਸਿੰਘ (ਹੈਰੀ) ਘੁਮਾਣ ਤੇ ਅਮਰਬੀਰ ਸਿੰਘ ਘੁਮਾਣ ਵੀ ਸ਼ਾਮਲ ਸਨ। ਅਮਰਜੀਤ ਸਿੰਘ ਢੀਂਡਸਾ ਤੇ ਲਖਬੀਰ ਸਿੰਘ ਢੀਂਡਸਾ 'ਈਵੈਂਟ ਡਾਇਰੈਕਟਰ' ਸਨ। ਮੇਲੇ ਦੇ ਮੁੱਖ ਮਹਿਮਾਨ ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਸੋਮਨਾਥ ਘੋਸ਼ ਸਨ, ਪਰ ਕਿਸੇ ਹੋਰ ਸਮਾਗਮ ਵਿੱਚ ਰੁੱਝੇ ਹੋਣ ਕਾਰਨ ਉਹ ਮੇਲੇ ਦੇ ਐਨ ਅਖੀਰ ਵਿੱਚ ਪਹੁੰਚੇ। ਉਨ੍ਹਾਂ ਨਾਲ ਕੌਂਸਲ ਰਣਜੀਤ ਸਿੰਘ ਵੀ ਸਨ। ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਥੀ, ਕਾਊਂਟੀ ਬੋਰਡ ਦੀ ਪ੍ਰਧਾਨ ਟੋਨੀ ਪ੍ਰੈਕਵਿੰਕਲ ਤੇ ਹੋਰ ਮਹਿਮਾਨ ਵੀ ਉਚੇਚਾ ਪਹੁੰਚੇ।

ਮਰਹੂਮ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਯਾਦ ਕਰਦਿਆਂ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਕੁਝ ਲੋਕਾਂ ਨੇ ਸਥਾਨਕ ਸਾਬਕਾ ਕਬੱਡੀ ਖਿਡਾਰੀ ਤੇ ਖੇਡ ਪ੍ਰੇਮੀ ਰਹੇ ਮਰਹੂਮ ਲਖਵਿੰਦਰ ਸਿੰਘ (ਲੱਖਾ) ਬਿਹਾਰੀਪੁਰੀਆ ਨੂੰ ਵੀ ਯਾਦ ਕੀਤਾ। ਜ਼ਿਕਰਯੋਗ ਹੈ ਕਿ ਕੁਝ ਹਫ਼ਤੇ ਪਹਿਲਾਂ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਖੇਡ ਮੇਲੇ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਲਖਵਿੰਦਰ ਬਿਹਾਰੀਪੁਰੀਆ ਸਦੀਵੀ ਵਿਛੋੜਾ ਦੇ ਗਿਆ ਸੀ।

ਖਾਣ-ਪੀਣ ਦਾ ਖੁੱਲ੍ਹਾ ਤੇ ਵਧੀਆ ਪ੍ਰਬੰਧ ਸੀ। ਮੇਲੀਆਂ ਲਈ ਦਹੀਂ ਤੇ ਮੱਖਣ ਨਾਲ ਪਰੌਂਠੇ, ਚੌਲ਼-ਛੋਲੇ ਤੇ ਦਾਲ ਹਾਜ਼ਰ ਸਨ। ਵੈੱਜ, ਨਾਨ-ਵੈੱਜ ਤੇ ਚੀਜ਼ ਪੀਜ਼ਾ ਵੀ ਖੁੱਲ੍ਹਾ ਵਰਤਿਆ। ਇਸ ਤੋਂ ਇਲਾਵਾ ਚਾਹ ਦੇ ਨਾਲ ਪਕੌੜੇ ਤੇ ਜਲੇਬੀਆਂ ਵੀ ਸਨ। ਮੇਲੇ ਵਿੱਚ ਬੀਬੀਆਂ ਨੂੰ ਫਰੀ ਮਹਿੰਦੀ ਵੀ ਲਾਈ ਗਈ। ਛੋਟੀ ਉਮਰ ਦੇ ਮੇਲੀਆਂ ਤੋਂ ਲੈ ਕੇ ਵਡੇਰੀ ਉਮਰ ਦੇ ਮੇਲੀ ਸਵਾਦ ਲਾ ਲਾ ਕੁਲਫ਼ੀਆਂ ਖਾਂਦੇ ਵੇਖੇ ਗਏ।

ਮੇਲੇ ਵਿੱਚ ਖੁੱਲ੍ਹੀ ਦਾਰੂ ਦੇ ਦੌਰ ਦਾ ਕਈ ਸਿਆਣਿਆਂ ਨੇ ਬੁਰਾ ਮਨਾਇਆ। ਹਾਲਾਂਕਿ ਕਿਸੇ ਉਨੀ-ਇੱਕੀ ਗੱਲ ਤੋਂ ਬਚਾਓ ਹੀ ਰਿਹਾ, ਪਰ ਕਾਰਾਂ ਦੀਆਂ ਡਿੱਕੀਆਂ ਦੇ ਦੁਆਲੇ ਹੋਏ ਲੋਕਾਂ ਵਿੱਚੋਂ ਕੁਝ ਲੋਕ ਆਪਣੇ ਹੋਸ਼ ਵੀ ਖੋ ਬੈਠੇ ਸਨ। ਤੋੜ ਭੰਨਣ ਲਈ ਚਾਹ ਵਾਲੇ ਕੱਪਾਂ ਵਿੱਚ ਚਾਹ ਤੋਂ ਇਲਾਵਾ "ਸਪੈਸ਼ਲ ਚਾਹ" ਵੀ ਵਰਤ ਹੋ ਰਹੀ ਸੀ। ਮੇਲੇ ਦੇ ਅਖੀਰ ਤੱਕ ਕਈ ਮੇਲੀ ਪੂਰੇ ਹਵਾ-ਪਿਆਜ਼ੀ ਹੋਏ ਪਏ ਸਨ। ਖ਼ੈਰ! ਅਜਿਹਾ ਇਹ ਪਹਿਲਾ ਨਜ਼ਾਰਾ ਨਹੀਂ ਸੀ, ਸਗੋਂ ਸਾਰੇ ਕਬੱਡੀ ਮੇਲਿਆਂ ਵਿੱਚ ਅਜਿਹਾ ਆਮ ਹੀ ਹੁੰਦਾ ਹੈ।

ਇੰਡੀਆਨਾ ਤੋਂ ਆਇਆ ਢੋਲੀ ਕਸ਼ਮੀਰਾ ਮੇਲੇ ਵਿੱਚ ਘੁੰਮਦਾ ਢੋਲ ਉੱਤੇ ਡੱਗੇ 'ਤੇ ਡੱਗਾ ਲਾ ਰਿਹਾ ਸੀ। ਕੁਝ ਬਜ਼ੁਰਗ ਵ੍ਹੀਲ ਚੇਅਰ ਉੱਤੇ ਬੈਠੇ ਮੇਲਾ ਵੇਖਣ ਪਹੁੰਚੇ ਹੋਏ ਸਨ। ਬੱਚੇ ਆਪਣੀਆਂ ਖੇਡਾਂ ਵਿੱਚ ਮਸਤ ਸਨ ਤੇ ਨੌਜਵਾਨ ਤੁਰ-ਫਿਰ ਕੇ ਮੇਲਾ ਵੇਖ ਰਹੇ ਸਨ।

**ਤਸਵੀਰਾਂ: ਏਸ਼ੀਅਨ ਮੀਡੀਆ ਯੂ ਐਸ ਏ**








# 2023: ਗਲੋਬਲ ਪੰਜਾਬੀ ਮਿਲਾਪ–ਸ਼ਿਕਾਗੋ



## ਐਤਵਾਰ 27 ਅਗਸਤ, 2023

### ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ

**Sun. Aug. 27, 2023 (2 - 5 pm)**


**All Saints Lutheran Church**

**630 South Quentin Rd., Palatine, IL. 60067**

**ਕਵਿਤਾ ਅਤੇ ਸਾਡੇ ਕਵੀ**



*Gian S Dardi-Toronto*


*Dr. Javed Bhatty*


*Dr. M L Hasiza-India*



*Jaspal S Desuvi-Toronto*


*Harbans Bhaur-Toronto*


*G. Mustafa Anjum*


*Abid Rasheed*


*Baba Daljit Singh*


*Kashish Hoshiarpuri*



*Raj Lally*


*Dr Afzaal Rehman*



*Amin Haider*


*Tahira Reda*


*Gur Singh*


*Yasin Chohan*


*Prof K S Hundal*


*Rakind Kaur*


*Gurleen Kaur*



*Thakar S Basati*


*Bibi Surjit Kaur Gill*


*Sarwan Singh*


*Mian Saqlain*


*Navraaz Kaur*


*Sajid Chaudhry*

**For more information please contact:** **Thakar S. Basati: 847-736-6092** **Sajid Chaudhry: 773-213-3775**
Amolak Singh Gidda: 847-372-2536 Dr. Javed Bhatty: 847-922-5943 Narinderpal Sood: 847-915-0098

*Sponsors:* ***PHACA*** **(Pakistan Heritage and Cultural Association) & NKPI (Navraaz K. Productions Inc.)**

# ਪੰਜਾਬੀ ਪਰਵਾਜ਼

Punjabi Parwaz

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ


## ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਮਨਜਿੰਦਰ ਸਿੰਘ (ਮੈਕ) ਭਮਰਾ


ਗੁਰਿੰਦਰਜੀਤ ਸਿੰਘ ਗਰੇਵਾਲ


ਜੋਧ ਸਿੰਘ ਸਿੱਧੂ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰੀਕ ਸਿੰਘ ਸ਼ਿਕਾਗੋ


ਅੰਮ੍ਰਿਤਪਾਲ ਸਿੰਘ ਗਿੱਲ


ਦੀਦਾਰ ਸਿੰਘ ਧਨੋਆ


ਅਮਰਜੀਤ ਸਿੰਘ ਢੀਂਡਸਾ



ਬੇਅੰਤ ਸਿੰਘ ਬੋਪਾਰਾਏ


ਦਰਸ਼ਨ ਸਿੰਘ ਪੰਮਾ


ਬਲਵਿੰਦਰ ਸਿੰਘ ਚੱਠਾ


ਕਿਰਪਾਲ ਸਿੰਘ ਰੰਧਾਵਾ


ਅਜੈਬ ਸਿੰਘ ਲੱਖਣ


ਹਰਕੇਵਲ ਲਾਲੀ



ਬਿਕਰਮ ਸਿੰਘ ਸਿੱਧੂ


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਅਮਨਦੀਪ ਸਿੰਘ ਕੁਲਾਰ


ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਜਿਗਰਦੀਪ ਸਿੰਘ ਢਿੱਲੋਂ


ਹਰਮੀਕ ਸਿੰਘ ਗਿਰਨ



"ਪੰਜਾਬੀ ਪਰਵਾਜ਼" ਕਿਸੇ ਸਰਕਾਰੀ ਜਾਂ ਗੈਰ-ਸਰਕਾਰੀ ਧਿਰ, ਕਿਸੇ ਧਾਰਮਿਕ ਸੰਪਰਦਾਇ ਜਾਂ ਕਿਸੇ ਸੰਸਥਾ ਵਿਸ਼ੇਸ਼ ਨਾਲ ਨਹੀਂ ਜੁੜਿਆ ਹੋਇਆ। ਇਹ ਮੂਲ ਤੌਰ 'ਤੇ ਆਜ਼ਾਦ, ਪਰ ਭਾਈਚਾਰਕ ਸਹਿਯੋਗ ਨਾਲ ਮੀਡੀਆ ਖੇਤਰ ਵਿੱਚ ਵਿਚਰ ਰਿਹਾ ਹੈ। ਭਾਈਚਾਰੇ ਵੱਲੋਂ ਮਿਲ ਰਹੇ ਹੁੰਗਾਰੇ ਲਈ ਬਹੁਤ ਬਹੁਤ ਧੰਨਵਾਦ! ਤੁਹਾਡੇ ਸਭ ਦੇ ਸਹਿਯੋਗ ਨਾਲ ਅਗਲੇ ਅੰਕਾਂ ਲਈ ਤਰੱਦਦ ਜਾਰੀ ਰਹੇਗਾ...।

*-ਕੁਲਜੀਤ ਸਿੰਘ, ਫੋਨ: 224-386-4548*

# ਆਜ਼ਾਦੀ ਸੰਗਰਾਮੀਆਂ ਦੀ ਧਰਤੀ

**ਅਮਰਜੀਤ ਸਿੰਘ ਸੰਧੂ**
**ਫੋਨ: +91-9417875575**

**ਰਣਬੀਰ ਸਿੰਘ ਮਹਿਮੀ**
**ਫੋਨ: +9814775141**

ਪੰਜਾਬ ਦੀ ਧਰਤੀ ਆਜ਼ਾਦੀ ਸੰਗਰਾਮੀਆਂ ਦੇ ਸੁਹਾਵਣੇ ਫੁੱਲ ਪੈਦਾ ਕਰਦੀ ਰਹੀ ਹੈ। ਇਸ ਧਰਤੀ ਦੇ ਕਣ-ਕਣ ਵਿੱਚੋਂ ਆਜ਼ਾਦੀ ਸੰਗਰਾਮ ਦੀ ਭਾਅ ਆਉਂਦੀ ਰਹੀ ਹੈ। ਇਸ ਧਰਤੀ ਦੇ ਜ਼ੱਰੇ ਜ਼ੱਰੇ ਵਿੱਚੋਂ ਆਜ਼ਾਦੀ ਸੰਗਰਾਮ ਦੀ ਲਹਿਰ ਸਦਾ ਆਉਂਦੀ ਰਹੀ ਹੈ। ਇਸ ਦੀ ਮਿੱਟੀ ਨੇ ਪਲਟੇ ਲਿਆਂਦੇ ਹਨ। ਇਸ ਦੀਆਂ ਹਵਾਵਾਂ ਵਿੱਚੋਂ ਕਈ ਵਾਰ ਅਤਿਆਚਾਰੀ ਜਰਵਾਣਿਆਂ ਅਤੇ ਜਾਗੀਰਦਾਰਾਂ ਦੇ ਖਿਲਾਫ ਫੌਲਾਦੀ ਨਾਹਰੇ ਬੁਲੰਦ ਹੋਏ। ਇਹ ਸਾਰੇ ਪੰਜਾਬੀਆਂ ਦਾ ਸਾਂਝਾ ਪੰਜਾਬ ਹਿੰਦੁਸਤਾਨ ਦੀ ਢਾਲ ਰਿਹਾ ਹੈ। ਅੱਜ ਵੀ ਪੰਜਾਬ ਇਕ ਚੱਟਾਨੀ ਦੀਵਾਰ ਵਾਂਗ ਦੇਸ਼ ਦੀ ਰੱਖਿਆ ਕਰ ਰਿਹਾ ਹੈ। ਇਸ ਧਰਤੀ ਉੱਤੇ ਜਿੰਨਾ ਪੰਜਾਬ ਦੇ ਸਪੁੱਤਰਾਂ ਦਾ ਖ਼ੂਨ ਡੁਲ੍ਹਿਆ ਹੈ, ਓਨਾ ਭਾਰਤ ਦੀ ਬਾਕੀ ਸਾਰੀ ਧਰਤੀ 'ਤੇ ਵੀ ਨਹੀਂ ਡੁਲ੍ਹਿਆ ਹੋਵੇਗਾ। ਇਸ ਖ਼ੂਨ ਵਿੱਚੋਂ ਸਦਾ 'ਲਾਲ ਇਨਕਲਾਬੀ ਰੋਸ਼ਨੀ' ਨਜ਼ਰ ਆਉਂਦੀ ਰਹੀ ਹੈ।

ਇਸੇ ਖ਼ੁਸ਼ਬੂਦਾਰ ਮਿੱਟੀ (ਸਾਂਝੇ ਪੰਜਾਬ) ਵਿੱਚੋਂ ਇੱਕ ਅਮਰ ਮਨੁੱਖ ਸਨੇਹੀ ਗੁਰੂ ਨਾਨਾਕ ਦੇਵ ਜੀ ਦੀ ਆਵਾਜ਼ ਉਭਰੀ, ਜਿਸ ਨੇ ਪੁਰਾਣੇ ਧਾਰਮਿਕ, ਫ਼ਿਰਕੂ ਜਾਤ-ਪਾਤ ਅਤੇ ਊਚ-ਨੀਚ ਭਰੇ ਮਾਹੌਲ ਵਿੱਚ ਇਨਕਲਾਬ ਦੀ ਲਲਕਾਰ ਖਿਲਾਰ ਦਿੱਤੀ। ਇਨ੍ਹਾਂ ਪੰਜਾਂ ਦਰਿਆਵਾਂ ਨੇ ਮਜ਼ਲੂਮ ਮਾਨਵਤਾ ਲਈ ਲੜਦੇ ਮਹਾਨ ਸ਼ਹੀਦ ਗੁਰੂ ਅਰਜਨ ਦੇਵ ਜੀ ਨਾਲ ਹੋਏ ਅਤਿਆਚਾਰਾਂ ਦੇ ਜਖ਼ਮਾਂ ਉੱਤੇ ਉਜਲ ਪਾਣੀ ਫੇਰ ਕੇ ਸੀਤਲ ਕੀਤਾ। ਮਹਾਨ ਅਮਰ ਜੋਧੇ 'ਸੰਤ ਸਿਪਾਹੀ' ਗੁਰੂ ਗੋਬਿੰਦ ਸਿੰਘ ਜੀ ਨੇ ਸਾਮੰਤਸ਼ਾਹੀ ਰਜਵਾੜਾਸ਼ਾਹੀ ਜੁਲਮ, ਅਤਿਆਚਾਰਾਂ ਅਤੇ ਵਧੀਕੀਆਂ ਦੇ ਖ਼ਿਲਾਫ਼ ਇਨਕਲਾਬੀ ਤਲਵਾਰ ਉਠਾਈ। ਉਨ੍ਹਾਂ ਕਿਹਾ, "ਅਵਰ ਬਾਸਨਾ ਨਾਹਿ ਪ੍ਰਭ ਯੁੱਧ ਚਾਇ॥" ਇਹ ਧਰਮ ਕਿਸੇ ਇੱਕ ਧਰਮ ਮੁਗ਼ਲਸ਼ਾਹੀ ਦੀਆਂ ਵਧੀਕੀਆਂ ਵਿਰੁੱਧ ਜਨਤਾ ਲਈ ਸੀ। ਉਨ੍ਹਾਂ ਨੇ ਖ਼ਾਲਸਾ ਫ਼ੌਜ ਬਣਾਈ, ਜੋ ਉਨ੍ਹਾਂ ਤੋਂ ਬਾਅਦ ਵਿੱਚ ਕਾਫ਼ੀ ਚਿਰ ਤੱਕ ਜ਼ੁਲਮ ਵਿਰੁੱਧ ਲੜਦੀ ਰਹੀ।

ਆਜ਼ਾਦੀ ਦੀ ਲੜਾਈ ਲਈ 1857 ਤੋਂ ਪਿੱਛੋਂ ਸਭ ਤੋਂ ਵੱਧ ਇਨਕਲਾਬੀ ਤਿਰੰਗਾ ਅਮਰੀਕਾ ਅਤੇ ਕੈਨੇਡਾ ਵਿੱਚ ਵੱਸਦੇ ਭਾਰਤੀਆਂ ਵਿੱਚ ਉੱਭਰਿਆ, ਜਿਨ੍ਹਾਂ ਵਿੱਚ 90 ਫੀਸਦੀ ਲਗਪਗ ਪੰਜਾਬੀ ਸੂਰਬੀਰ ਸਨ। ਕੈਨੇਡਾ ਵਿੱਚ ਸਭ ਤੋਂ ਪਹਿਲਾਂ ਭਾਈ ਭਗਵਾਨ ਸਿੰਘ ਨੇ ਰੱਤੋ-ਰੱਤੀ ਇਨਕਲਾਬੀ ਆਵਾਜ਼ ਬੁਲੰਦ ਕੀਤੀ। ਅਮਰੀਕਾ ਵਿੱਚ ਵੱਸਦੇ ਭਾਰਤੀਆਂ ਨੇ 'ਹਿੰਦ ਐਸੋਸ਼ੀਏਸਨ' ਬਣਾਈ, ਜੋ ਮਗਰੋਂ 'ਗ਼ਦਰ ਪਾਰਟੀ' ਦੇ ਨਾਂ ਨਾਲ ਦੇਸ਼ ਵਿੱਚ ਬਹੁਤ ਪ੍ਰਸਿੱਧ ਹੋਈ। ਇਸ ਪਾਰਟੀ ਨੇ 'ਗ਼ਦਰ' ਨਾਮੀ ਅਖ਼ਬਾਰ ਕੱਢਣਾ ਸ਼ੁਰੂ ਕੀਤਾ ਅਤੇ 'ਐਲਾਨ-ਏ-ਜੰਗ' ਦਾ ਪ੍ਰਚਾਰ ਵੱਡੇ ਪੈਮਾਨੇ 'ਤੇ ਸ਼ੁਰੂ ਹੋਇਆ। ਇਹ ਹਫ਼ਤਾਵਾਰ ਅਖ਼ਬਾਰ ਚਾਰ ਭਾਸ਼ਾਵਾਂ ਵਿੱਚ ਛਪਦਾ ਅਤੇ ਬਹੁਤ ਸਾਰੇ ਪਰਦੇਸਾਂ ਵਿੱਚ ਮੁਫ਼ਤ ਭੇਜਿਆ ਜਾਂਦਾ।




ਪੰਜਾਬ ਦੇ ਮਹਾਨ ਸਪੂਤ ਸ਼ਹੀਦ ਕਰਤਾਰ ਸਿੰਘ ਸਰਾਭਾ ਉੱਚ ਵਿੱਦਿਆ ਪ੍ਰਾਪਤੀ ਲਈ ਅਮਰੀਕਾ ਗਏ। ਉੱਥੋਂ ਦੇ ਵੱਸਦੇ ਭਾਰਤੀਆਂ 'ਚ ਆਜ਼ਾਦੀ ਦੀ ਬੇਹੱਦ ਲਗਨ ਦੇਖ ਕੇ ਉਨ੍ਹਾਂ ਦਾ ਵੀ ਜਵਾਨ ਖ਼ੂਨ ਉਬਾਲੇ ਖਾਣ ਲੱਗਾ। ਉਹ ਵੀ ਪੜ੍ਹਾਈ ਛੱਡ ਕੇ 'ਗ਼ਦਰ ਪਾਰਟੀ' ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਨਸਾਨੀ ਜਾਮੇ ਵਿੱਚ ਬਿਜਲੀ ਦੇ ਇੰਜਣ ਦੀ ਤਰ੍ਹਾਂ ਸਨ, ਜੋ ਆਪਣੇ ਜੋਸ਼ ਤੇ ਉਤਸ਼ਾਹ ਦੀ ਰੋਹ ਨਾਲ ਹਰ ਉਸ ਆਦਮੀ ਨੂੰ ਚਾਰਜ ਕਰਦੇ ਸਨ, ਜਿਸ ਨਾਲ ਵੀ ਉਨ੍ਹਾਂ ਦਾ ਵਾਹ ਪੈਂਦਾ। 'ਗ਼ਦਰ' ਨਾਮੀ ਅਖ਼ਬਾਰ ਕੱਢਣ 'ਚ ਹੋਰ ਬਹੁਤ ਸਾਰੇ ਦੇਸ਼ ਭਗਤਾਂ ਦੇ ਨਾਲ ਸ. ਹਰਨਾਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਨੇ ਮਹੱਤਵਪੂਰਨ ਕੰਮ ਕੀਤਾ। 'ਗ਼ਦਰ' ਪੰਜਾਬੀ ਕਿਸਾਨ ਦੀ ਬੋਲੀ ਅਤੇ ਸੁਭਾਅ ਦੀ ਤਰ੍ਹਾਂ ਬਿਨਾ ਕਿਸੇ ਡਰ ਤੋਂ ਸਿੱਧੀ ਇਨਕਲਾਬੀ ਵਾਲੀ ਗੱਲ ਕਰਦਾ ਸੀ। ਗ਼ਦਰੀ ਸਿੱਧੇ ਲਿਖਦੇ, 'ਸਾਡਾ ਨਾਂ ਕੀ ਹੈ? ਗ਼ਦਰ। ਸਾਡਾ ਕੰਮ ਕੀ ਹੈ? ਗ਼ਦਰ।'

ਉਸ ਸਮੇਂ ਪੰਜਾਬ ਦੇ ਪ੍ਰਸਿੱਧ ਨੇਤਾ'ਬਾਬਾ ਸੋਹਣ ਸਿੰਘ ਭਕਨਾ ਵੀ ਆਜ਼ਾਦੀ ਸੰਗਰਾਮ ਦੇ ਮੈਦਾਨ ਵਿੱਚ ਉੱਤਰੇ ਹੋਏ ਸਨ। ਉਸ ਸਮੇਂ ਉਹ 'ਗ਼ਦਰ' ਨਾਮੀ ਪਾਰਟੀ ਦੇ ਪ੍ਰਧਾਨ ਸਨ। ਜਿਨ੍ਹਾਂ ਇਨਕਲਾਬੀਆਂ ਨੇ ਅਮਰੀਕਾ ਵਿੱਚੋਂ ਸੰਸਾਰ ਦੇ ਕੋਨੇ-ਕੋਨੇ ਵਿੱਚ ਰਹਿੰਦੇ ਭਾਰਤੀਆਂ ਨੂੰ ਇਨਕਲਾਬ ਦਾ ਹਲੂਣਾ ਦਿੱਤਾ। ਉਨ੍ਹਾਂ ਵਿੱਚੋਂ ਸ੍ਰੀ ਕੇਸਰ ਸਿੰਘ ਠੱਠਗੜ੍ਹ, ਨਿਧਾਨ ਸਿੰਘ ਚੁੱਗ, ਭਾਗ ਸਿੰਘ ਕੈਨੇਡੀਅਨ, ਬਲਵੰਤ ਸਿੰਘ ਕੈਨੇਡੀਅਨ, ਭਾਈ ਸੰਤੋਖ ਸਿੰਘ, ਜੀਵਨ ਸਿੰਘ ਦੇ ਨਾਂ ਵਰਣਨਯੋਗ ਹਨ। ਇਹ ਦੇਸ਼ ਭਗਤ ਫ਼ਿਰਕੂ ਤੇ ਧਾਰਮਿਕ ਝੇੜਿਆਂ ਤੋਂ ਉਪਰ ਉੱਠੇ ਹੋਏ ਸਨ, ਜਿਵੇਂ ਉਨ੍ਹਾਂ 'ਗ਼ਦਰ ਦੀ ਗੂੰਜ' ਵਿੱਚ ਲਿਖਿਆ ਸੀ, "ਸਰਾ ਤੇ ਮਜ੍ਹਬ ਜਿਹੜੇ ਰੱਖ ਲਉ ਕਿਨਾਰਿਆਂ 'ਤੇ ਦੇਖੀ ਜਾਊ ਪਿੱਛੋਂ, ਪਹਿਲਾਂ ਕੰਮ ਕਤਲ-ਏ-ਆਮ ਦੇ।"

ਪਹਿਲਾ ਮਹਾਂ ਯੁੱਧ ਸ਼ੁਰੂ ਹੋਣ ਤੋਂ ਕੁਝ ਹੀ ਦਿਨ ਪਹਿਲਾਂ ਪੰਜਾਬੀਆਂ ਦਾ ਇੱਕ ਜਹਾਜ਼ ਕਾਮਾ ਗਾਟਾ ਮਾਰੂ ਸ. ਗੁਰਦਿੱਤ ਸਿੰਘ ਸਰਹਾਲੀ ਰਾਹੀਂ ਕੈਨੇਡਾ ਪਹੁੰਚਿਆ, ਪਰ ਕੈਨੇਡਾ ਸਰਕਾਰ ਨੇ ਇਸ ਨੂੰ ਦੇਸ਼ ਦੀ ਬੰਦਰਗਾਹ 'ਤੇ ਲੱਗਣ ਦੀ ਆਗਿਆ ਨਾ ਦਿੱਤੀ ਅਤੇ ਇਸ ਦੇ ਉਲਟ ਜਹਾਜ਼ ਦੇ ਮੁਸਾਫਰਾਂ 'ਤੇ ਕਈ ਜ਼ੁਲਮ ਕੀਤੇ ਗਏ। ਜਦੋਂ ਸੰਸਾਰ ਯੁੱਧ ਹੋਇਆ ਤਾਂ ਬਾਬਾ ਸੋਹਣ ਸਿੰਘ ਭਕਨਾ ਤੇ ਕਰਤਾਰ ਸਿੰਘ ਸਰਾਭਾ ਨੇ ਬਹੁਤ ਸਾਰੇ ਦੇਸ਼-ਭਰਾਵਾਂ ਨਾਲ ਦੇਸ਼ ਵੱਲ ਵਹੀਰਾਂ ਪਾ ਦਿੱਤੀਆਂ। ਭਾਰਤ ਪੁੱਜਣ 'ਤੇ ਬਹੁਤ ਸਾਰੇ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਤੇ ਬਾਬਾ ਭਕਨਾ ਨਜ਼ਰਬੰਦ ਕਰ ਦਿੱਤੇ ਗਏ। ਕਰਤਾਰ ਸਿੰਘ ਸਰਾਭਾ ਤੇ ਹੋਰ ਉੱਘੇ ਨੇਤਾਵਾਂ ਨੇ ਗ਼ਦਰ ਦੀ ਤਾਰੀਖ਼ 5 ਨਵੰਬਰ 1914 ਮਿੱਥ ਲਈ, ਪਰ ਦੇਸ਼-ਫ਼ੌਜੀਆਂ ਦਾ ਪੂਰਾ ਸਹਿਯੋਗ ਨਾ ਮਿਲਣ ਅਤੇ ਹਥਿਆਰਾਂ ਦੀ ਕਮੀ ਕਾਰਨ ਇਹ ਸਕੀਮ ਸਫ਼ਲ ਨਾ ਹੋ ਸਕੀ।

ਇਸ ਪਿਛੋਂ ਪੰਜਾਬ ਵਿੱਚ ਪ੍ਰਚਾਰ, ਬੰਬ ਬਣਾਉਣੇ ਤੇ ਡਾਕੇ ਮਾਰਨ ਦਾ ਕੰਮ ਬਹੁਤ ਤੇਜ਼ ਹੋ ਗਿਆ। ਰੋਲਟ ਰਿਪੋਰਟ ਅਨੁਸਾਰ, "ਇਹ ਸਪੱਸ਼ਟ ਹੈ ਕਿ ਪੰਜਾਬ ਵਿੱਚ ਗ਼ਦਰ ਲਹਿਰ ਦੂਰ-ਦੂਰ ਤੱਕ ਖ਼ੂਨ-ਰੇਜ਼ੀ ਕਰਾਉਣ ਵੱਲ ਕੁਦੀ ਵਿੱਥ ਉਰੇ ਰਹਿ ਗਈ।" ਇਸ ਗ਼ਦਰ ਦੀ ਦੁਬਾਰਾ ਤਾਰੀਖ਼ 21 ਫਰਵਰੀ 1915 ਰੱਖੀ ਗਈ, ਪਰ ਇੱਕ ਦੇਸ਼ ਧ੍ਰੋਹੀ ਕਾਰਨ ਸਾਰਾ ਕੀਤਾ ਕਰਾਇਆ ਵਿਗੜ ਗਿਆ ਤੇ ਦਲੇਰਾਨਾ ਸਕੀਮ ਫ਼ੇਲ੍ਹ ਹੋ ਗਈ; ਪਰ ਇਸ 'ਤੇ ਵੀ ਗ਼ਦਰੀਆਂ ਨੇ ਆਪਣੀਆਂ ਸਰਗਰਮੀਆਂ ਨੂੰ ਜਾਰੀ ਰੱਖਿਆ। ਅੰਤਰਰਾਸ਼ਟਰੀ ਕਮਿਊਨਿਸ਼ਟ ਲਹਿਰ ਤੇ ਹੋਰ ਜਥੇਬੰਦੀਆਂ ਵਿੱਚ ਸ਼ਾਮਲ ਹੋ ਕੇ ਆਜ਼ਾਦੀ ਮਿਲਣ ਤੱਕ ਅਨੇਕਾਂ ਕੁਰਬਾਨੀਆਂ ਦਿੱਤੀਆਂ। ਮਸ਼ਹੂਰ ਗ਼ਦਰੀ ਕਰਤਾਰ ਸਿੰਘ ਸਰਾਭਾ ਤੇ ਨਿਧਾਨ ਸਿੰਘ ਚੁੰਘਾ ਗ੍ਰਿਫ਼ਤਾਰ ਕਰ ਲਏ ਗਏ। ਕਰਤਾਰ ਸਿੰਘ ਸਰਾਭਾ ਹੱਸਦੇ ਹੋਏ ਆਪਣੇ ਪਿਆਰੇ ਦੇਸ਼ ਦੀ ਖ਼ਾਤਰ ਫ਼ਾਂਸੀ 'ਤੇ ਲਟਕ ਗਏ। ਜੱਜ ਉਸ ਨੂੰ ਕਾਲੇਪਾਣੀ ਭੇਜਣਾ ਚਾਹੁੰਦੇ ਸਨ, ਪਰ ਉਸ ਬਹਾਦੁਰ ਮਾਂ ਦੇ ਪੁੱਤ ਨੇ ਕਿਹਾ, ਭਾਰਤ ਦੀ ਸੁਤੰਤਰਤਾ ਤੋਂ ਪਹਿਲਾਂ ਮੈਂ ਇਸੇ ਤਰ੍ਹਾਂ ਦੀ ਮੌਤ ਚਾਹੁੰਦਾ ਹਾਂ, ਤਾਂ ਜੋ ਦੂਜਾ ਜਨਮ ਲੈ ਕੇ ਫਿਰ ਭਾਰਤ ਦੀ ਆਜ਼ਾਦੀ ਦੀ ਇਸ ਜੰਗ ਵਿੱਚ ਦੁਬਾਰਾ ਹਿੱਸਾ ਪਾ ਸਕਾ। 'ਆਜ਼ਾਦੀ ਦੀ ਬਰਾਬਰੀ' ਲਿਆਉਣ ਦੀ ਪ੍ਰਚੰਡ ਸਪਿਰਟ ਗ਼ਦਰੀ ਇਨਕਲਾਬੀ ਦੀ ਰਗ-ਰਗ ਵਿੱਚ ਸਮਾਈ ਹੋਈ ਸੀ। ਸੈਂਕੜੇ ਗ਼ਦਰੀ ਦੇਸ਼ ਭਗਤਾਂ ਨੂੰ ਫ਼ਾਂਸੀ ਦੀ ਸਜ਼ਾ ਹੋਈ, ਜਿਸ ਵਿੱਚ ਕੁਝ ਪ੍ਰਸਿੱਧ ਹਨ- ਗੰਗਾ ਸਿੰਘ ਖੁਰਦਪੁਰ, ਜੀਵਨ ਸਿੰਘ ਧੁੱਲੇਵਾਲ, ਰਹਿਮਤ ਅਲੀ, ਮੇਲਾ ਸਿੰਘ ਕੈਨੇਡੀਅਨ, ਅਰੂੜ ਸਿੰਘ ਸੰਗੋਵਾਲ, ਬੰਤਾ ਸਿੰਘ ਸੰਗੋਵਾਲ, ਡਾ. ਮਥਰਾ ਸਿੰਘ, ਇੰਦਰ ਸਿੰਘ ਪਧਰੀ ਕਲਾਂ, ਜਸਵੰਤ ਸਿੰਘ ਨੰਗਲ ਜਗਤ ਸਿੰਘ, ਸੁਰ ਸਿੰਘ, ਹਰਨਾਮ ਸਿੰਘ ਕਾਹਰੀ ਸਾਹਰੀ, ਪੰਡਿਤ ਕਾਂਸ਼ੀ ਰਾਮ, ਜਥੇਦਾਰ ਲਛਮਣ ਸਿੰਘ, ਸੋਹਨ ਲਾਲ ਪਾਠਕ ਆਦਿ ਅਤੇ ਹਜ਼ਾਰਾਂ ਨੂੰ ਉਮਰ ਕੈਦ ਤੇ ਹੋਰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਹਨ।

ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਪੰਜਾਬ ਦੀ ਧਰਤੀ ਵਿੱਚੋਂ ਹੋਰ ਦੇਸ਼ ਭਗਤ ਵੀ ਪੈਦਾ ਹੁੰਦੇ ਗਏ। ਉਨ੍ਹਾਂ ਵਿੱਚੋਂ ਇੱਕ ਸੀ ਸਰਦਾਰ ਭਗਤ ਸਿੰਘ। ਉਹ ਕ੍ਰਾਂਤੀਕਾਰੀ ਦਲ, ਜਿਸ ਦਾ ਨਾਂ 'ਹਿੰਦੁਸਤਾਨ ਸਮਾਜਵਾਦੀ ਪ੍ਰਜਾਤੰਤਰਿਕ ਸੈਨਾ ਸੀ', ਦੇ ਮੋਢੀਆਂ ਵਿੱਚੋਂ ਇੱਕ ਸੀ। ਉਨ੍ਹਾਂ ਨੇ 17 ਨਵੰਬਰ 1928 ਨੂੰ ਜਾਲਮ ਸਾਂਡਰਸ ਨੂੰ ਮਾਰ ਦਿੱਤਾ ਅਤੇ 8 ਅਪਰੈਲ 1929 ਨੂੰ ਜਨਤਾ ਦੀ ਆਵਾਜ਼ ਸਰਕਾਰ ਤੱਕ ਪਹੁੰਚਾਉਣ ਲਈ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਿਆ। ਬੰਬ ਸੁੱਟਣ ਵਾਲਿਆਂ-ਭਗਤ ਸਿੰਘ ਅਤੇ ਭੱਟਕੇਸ਼ਵਰ ਦੱਤ ਨੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਨੇ ਕਿਹਾ, ਬੰਬ ਸੁੱਟ ਕੇ ਅਸੀਂ ਦੱਸਿਆ ਹੈ ਕਿ ਸੱਤਯੁਗੀ ਅਹਿੰਸਾ ਦੇ ਦਿਨ ਹੁਣ ਖ਼ਤਮ ਹੋ ਗਏ। ਇਹ ਨਵੀਂ ਹਲਚਲ ਉਨ੍ਹਾਂ ਆਦਰਸ਼ਾਂ ਤੋਂ ਪ੍ਰੇਰਿਤ ਹੋਈ ਹੈ, ਜਿਨ੍ਹਾਂ ਉੱਤੇ ਗੁਰੂ ਗੋਬਿਦ ਸਿੰਘ, ਸ਼ਿਵਾਜੀ ਅਤੇ ਲੈਨਿਨ ਵਰਗੇ 'ਸਮਾਜਿਕ ਢਾਂਚੇ ਦੀ ਉਸਾਰੀ' ਹੈ, ਜਿਸ ਵਿੱਚ ਕਿਸੇ ਕਿਸਮ ਦੀ ਲੁੱਟ-ਖਸੁੱਟ ਨਾ ਰਹੇ ਅਤੇ ਜਿੱਥੇ ਸਧਾਰਨ ਜਨਤਾ ਪਾਸ ਸ਼ਕਤੀ ਹੋਵੇ। ਉਨ੍ਹਾਂ ਦੱਸਿਆ ਕਿ ਕ੍ਰਾਂਤੀ ਰਾਹੀਂ ਦੇਸ਼ ਦੀ ਆਜ਼ਾਦੀ ਦੇ ਨਾਲ-ਨਾਲ ਪੂਜੀਵਾਦ ਅਤੇ ਸਮਾਜਵਾਦ ਨੂੰ ਵੀ ਨਸ਼ਟ ਕਰਨਾ ਚਾਹੁੰਦੇ ਹਨ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਫਾਂਸੀ ਦੇ ਫੰਦੇ ਨੂੰ ਚੁੰਮ ਕੇ ਗਲ ਵਿੱਚ ਪਾਇਆ। ਪੰਜਾਬ ਦੇ ਅਣਖੀਲੇ ਸਪੂਤ ਊਧਮ ਸਿੰਘ ਸੁਨਾਮ ਨੇ ਜ਼ਲ੍ਹਿਆਂ ਵਾਲੇ ਬਾਗ਼ ਦੇ ਕਾਤਿਲ ਜਰਨਲ ਅਡਵਾਇਰ ਦਾ ਕਤਲ ਲੰਡਨ ਵਿੱਚ ਕੀਤਾ। 'ਨਾਮਧਾਰੀ ਲਹਿਰ' ਵਿੱਚ ਬਾਬਾ ਰਾਮ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਨੇ ਅਨੇਕਾਂ ਤਰ੍ਹਾਂ ਦੇ ਤਸੀਹੇ ਸਹੇ।

ਇਸ ਤਰ੍ਹਾਂ ਪੰਜਾਬ ਦੇ ਜਿਨ੍ਹਾਂ ਬਹਾਦਰ ਯੋਧਿਆਂ ਨੇ 'ਹੱਕ ਅਤੇ ਇਨਸਾਫ' ਲਈ ਜਾਨਾਂ ਦੀ ਅਹੁਤੀ ਦਿੱਤੀ, ਉਨ੍ਹਾਂ ਸਾਰਿਆਂ ਦਾ ਵਰਣਨ ਕਰਨਾ ਕਠਿਨ ਹੈ। ਆਜ਼ਾਦੀ ਦੇ ਬਰਾਬਰੀ ਦੇ ਝੰਡੇ ਨੂੰ ਉੱਚਾ ਕਰਨ ਲਈ ਮਹਾਨ ਇਨਕਲਾਬੀਆਂ ਨੇ ਇਸ ਦੀਆਂ ਜੜ੍ਹਾਂ ਵਿੱਚ ਪਾਣੀ ਦੀ ਥਾਂ ਆਪਣਾ ਖ਼ੂਨ ਪਾਇਆ ਅਤੇ ਉਸ ਝੰਡੇ ਨੂੰ ਜਿਉਂਦਾ ਹਰਾ ਹੀ ਰੱਖਿਆ, ਪਰ ਅਫਸੋਸ ਉਨ੍ਹਾਂ ਦੀਆਂ ਅੱਖਾਂ ਉਨ੍ਹਾਂ ਦਾ ਸੁਪਨਾ ਸੱਚਾ ਹੋਣ ਤੋਂ ਪਹਿਲਾਂ ਹੀ ਸਾਮਰਾਜਵਾਦੀ ਸ਼ਕਤੀਆਂ ਨੇ ਬੰਦ ਕਰ ਦਿੱਤੀਆਂ। ਸ਼ਹੀਦਾਂ ਦੇ ਕਾਰਨਾਮੇ ਦੇਸ਼ ਦੇ ਨੌਜਵਾਨਾਂ ਨੂੰ ਸਦਾ ਸੁਖ ਸੁਨਹਿਰੀ ਰਾਹ ਦਿਖਾਉਂਦੇ ਰਹਿਣਗੇ। ਹੋਰ ਅਗਾਂਹਵਧੂ ਦੇਸ਼ਾਂ ਵਾਂਗ ਜਦੋਂ ਭਾਰਤ ਦੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਇਨ੍ਹਾਂ ਸੰਗਰਾਮੀਆਂ ਦੇ ਨਾਂ ਉਸ ਵਿੱਚ ਸਿਤਾਰਿਆਂ ਵਾਂਗ ਚਮਕਦੇ ਰਹਿਣਗੇ।




Davenport Family Funeral Homes and Crematory

Lake Zurich (847) 550-4221

Crystal Lake (815) 459-3411

- On-Site Crematory
- Large, Beautiful Chapels
- Viewing Room Available
- Competitive Prices

Serving the Sikh Community with Dignity and Care

Please call or visit our website at

www.davenportfamily.com

Davenport FAMILY FUNERAL HOMES And Crematory

Serving Families As We Would Want Ours Served

Barrington/Crystal Lake/Lake Zurich

# ਮੁੱਖ ਮੰਤਰੀ ਦਾ ਆਜ਼ਾਦੀ ਦਿਵਸ ਭਾਸ਼ਣ

ਆਜ਼ਾਦੀ ਦਿਵਸ ਸੁੱਖ ਸ਼ਾਂਤੀ ਨਾਲ ਲੰਘ ਗਿਆ। ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਵੀ ਸੰਗਠਨ ਵੱਲੋਂ ਕਿਸੇ ਤਰ੍ਹਾਂ ਦੀ ਧਮਕੀ ਨਹੀਂ ਦਿੱਤੀ ਗਈ ਸੀ। ਪੰਜਾਬ ਸਮੇਤ ਪੂਰੇ ਮੁਲਕ ਦੀ ਪੁਲਿਸ ਜ਼ਰੂਰ ਪੱਬਾਂ ਭਾਰ ਹੋਈ ਰਹੀ। ਪੰਜਾਬ ਦੇ ਮੰਤਰੀਆਂ ਅਤੇ ਨੇਤਾਵਾਂ ਵੱਲੋਂ ਥਾਂ ਥਾਂ ਤਿਰੰਗਾ ਝੰਡਾ ਲਹਿਰਾਇਆ ਗਿਆ। ਸਿਆਸੀ ਤਕਰੀਰਾਂ ਵੀ ਹੋਈਆਂ। ਮੁੱਖ ਮੰਤਰੀ ਭਗਵੰਤ ਮਾਨ ਦੀ ਤਕਰੀਰ ਨੇ 1947 ਦੇ ਹੱਲੇ ਚੇਤੇ ਕਰਾ ਕੇ ਬਜ਼ੁਰਗਾਂ ਦੀ ਪੁਰਾਣੀ ਚੀਸ 'ਤੇ ਮੱਲ੍ਹਮ ਲਾਉਣ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਲੋਕ ਵੰਡੇ

**ਕਮਲਜੀਤ ਸਿੰਘ ਬਨਵੈਤ**

ਗਏ, ਪੰਜਾਬ ਵੰਡਿਆ ਗਿਆ ਤੇ ਨਾ ਭਰਨ ਵਾਲੇ ਜ਼ਖ਼ਮ ਵੀ ਮਿਲੇ। ਪਟਿਆਲਾ ਵਿਖੇ ਤਿਰੰਗਾ ਝੰਡਾ ਲਹਿਰਾਉਣ ਤੋਂ ਬਾਅਦ ਇਹ ਨਹੀਂ ਕਿ ਉਨ੍ਹਾਂ ਆਪਣੀ ਤਕਰੀਰ ਦੌਰਾਨ ਵਿਰੋਧੀ ਸਿਆਸੀ ਪਾਰਟੀਆਂ ਉੱਤੇ ਸੂਈ ਨਹੀਂ ਧਰੀ, ਸਗੋਂ ਪਟਿਆਲਾ ਦੇ ਸ਼ਾਹੀ ਪਰਿਵਾਰ ਉੱਤੇ ਚੰਗਾ ਤਵਾ ਲਾਈ ਰੱਖਿਆ। ਭਾਸ਼ਣ ਦੇ ਸ਼ੁਰੂ ਵਿੱਚ ਦੇਸ਼ ਲਈ ਕੁਰਬਾਨੀ ਦੇਣ ਵਾਲੇ ਸ਼ਹੀਦਾਂ ਦੇ ਸੋਹਲੇ ਗਾਏ, ਵਿਸ਼ੇਸ਼ ਕਰਕੇ ਪੰਜਾਬੀਆਂ ਦੇ। ਆਜ਼ਾਦੀ ਨੂੰ ਸੰਭਾਲ ਕੇ ਰੱਖਣ ਲਈ ਪੰਜਾਬੀ ਹੀ ਹਾਲੇ ਤੱਕ ਖੁੱਲ੍ਹੇ ਦਿਲ ਨਾਲ ਵਤਨ ਪ੍ਰਸਤੀ ਦਿਖਾ ਰਹੇ ਹਨ।

ਉਨ੍ਹਾਂ ਦੇ ਭਾਸ਼ਣ ਦੇ ਆਖਰੀ ਚੰਦ ਮਿੰਟਾਂ ਬਾਰੇ ਗੱਲ ਕਰਨੀ ਜ਼ਰੂਰੀ ਬਣਦੀ ਹੈ। ਉਨ੍ਹਾਂ ਨੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਦੀ ਗੱਲ ਦੌਰਾਨ ਕਿਹਾ ਕਿ ਸਰਬ ਸੰਮਤੀ ਨਾਲ ਪੰਚਾਇਤਾਂ ਦੀ ਚੋਣ ਕਰਨ ਵਾਲੇ ਪਿੰਡਾਂ ਨੂੰ 5 ਲੱਖ ਦੀ ਗ੍ਰਾਂਟ ਦਿੱਤੀ ਜਾਵੇਗੀ। ਉਨ੍ਹਾਂ ਨੇ ਭ੍ਰਿਸ਼ਟ ਪੰਚਾਂ-ਸਰਪੰਚਾਂ ਨੂੰ ਖਬਰਦਾਰ ਕਰਦਿਆਂ ਪੈਸੇ ਵੱਟੇ ਵੋਟਾਂ ਲੈਣ ਤੋਂ ਵਰਜਿਆ ਹੈ। ਉਨ੍ਹਾਂ ਲਲਕਾਰ ਕੇ ਕਿਹਾ ਕਿ 30 ਲੱਖ ਲਾ ਕੇ ਤਿੰਨ ਕਰੋੜ ਕਮਾਈ ਦੀ ਉਮੀਦ ਰੱਖਣ ਵਾਲੇ ਚੋਣ ਲੜਨ ਦੀ ਇੱਛਾ ਤਿਆਗ ਦੇਣ। ਇੱਕ ਹੋਰ ਖਾਸ ਗੱਲ ਇਹ ਕਿ ਉਨ੍ਹਾਂ ਪੰਜਾਬ ਤੋਂ ਅੱਗੇ ਪੂਰੇ ਮੁਲਕ ਵੱਲ ਨੂੰ ਵਧਣ ਦਾ ਇਸ਼ਾਰਾ ਵੀ ਕੀਤਾ ਹੈ। ਲੋਕਾਂ ਨੂੰ ਮਤਦਾਨ ਦਾ ਮਤਲਬ ਸਰਲ ਸ਼ਬਦਾਂ ਵਿੱਚ ਸਮਝਾਉਂਦਿਆਂ ਕਿਹਾ ਕਿ ਵੋਟ ਆਪਣੀ ਅਕਲ ਨਾਲ ਦੇਣੀ ਚਾਹੀਦੀ ਹੈ। ਪੰਜਾਬ ਦਾ ਖ਼ਜ਼ਾਨਾ ਭਰਨ ਅਤੇ ਉਨ੍ਹਾਂ ਤੋਂ ਪਹਿਲਾਂ ਸੱਤਾ ਵਿੱਚ ਰਹੀਆਂ ਸਿਆਸੀ ਪਾਰਟੀਆਂ ਵੱਲੋਂ ਖਜ਼ਾਨਾ ਖਾਲੀ ਹੋਣ ਦੀ ਦਿੱਤੀ ਜਾਂਦੀ ਦੁਹਾਈ 'ਤੇ ਮੁੜ ਮਸ਼ਕਰੀ ਕੀਤੀ।

ਇਹ ਨਹੀਂ ਕਿ ਆਮ ਆਦਮੀ ਪਾਰਟੀ ਚੋਣਾਂ ਵਿੱਚ ਆਪਣੇ ਉਮੀਦਵਾਰ ਨਹੀਂ ਖੜ੍ਹੇ ਕਰੇਗੀ। ਜੇ ਅਜਿਹਾ ਹੋਣਾ ਹੁੰਦਾ ਤਾਂ ਪਿੰਡਾਂ ਦੀਆਂ ਪੰਚਾਇਤਾਂ ਦੀਆਂ ਪੰਚਾਇਤਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕਰਨ ਦੀ ਲੋੜ ਨਹੀਂ ਸੀ ਪੈਣੀ। ਨਗਰ ਕੌਂਸਲਾਂ 'ਤੇ ਕਬਜੇ ਵੀ ਇਸੇ ਪਾਸੇ ਵੱਲ ਸੰਕੇਤ ਕਰਦੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਆਮ ਆਦਮੀ ਕਲਿਨਿਕ ਦਾ ਉਦਘਾਟਨ ਕਰਨ ਵੇਲੇ ਦਿੱਤੇ ਭਾਸ਼ਣ ਦੀ ਗੱਲ ਕਰਨੀ ਵੀ ਜ਼ਰੂਰੀ ਬਣਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਤਿੰਨ ਪਰਤੀ ਯੋਜਨਾ ਤਿਆਰ ਕਰ ਚੁੱਕੀ ਹੈ। ਨਸ਼ੇ ਨਾਲ ਬਿਮਾਰ ਲੋਕਾਂ ਦਾ ਇਲਾਜ ਕਰਾਇਆ ਜਾਵੇਗਾ ਤੇ ਨਸ਼ਾ ਤਸਕਰ ਜੇਲ੍ਹਾਂ ਵਿੱਚ ਸੁੱਟੇ ਜਾਣਗੇ। ਉਨ੍ਹਾਂ ਨੇ ਪੰਜਾਬ ਦੇ ਪਿੰਡ ਵਾਸੀਆਂ ਵੱਲੋਂ ਪਿੰਡਾਂ ਵਿੱਚ ਠੀਕਰੀ ਪਹਿਰਾ ਲਾਉਣ ਅਤੇ ਨਸ਼ਿਆਂ ਖਿਲਾਫ਼ ਡਟਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰ ਇਹ ਲੜਾਈ ਲੋਕਾਂ ਦੇ ਸਹਿਯੋਗ ਨਾਲ ਜਿੱਤੇਗੀ।

ਜੇ ਆਜ਼ਾਦੀ ਦਿਵਸ ਮੌਕੇ ਉਨ੍ਹਾਂ ਦੇ ਦੋ ਵੱਖ ਵੱਖ ਸਮਾਗਮਾਂ ਵਿੱਚ ਦਿੱਤੇ ਭਾਸ਼ਣ ਪੂਰ ਚੜ੍ਹ ਜਾਂਦੇ ਹਨ ਤਾਂ ਸੱਚਮੁੱਚ ਪੰਜਾਬ ਦੀ ਤਸਵੀਰ ਬਦਲ ਜਾਵੇਗੀ। ਉਨ੍ਹਾਂ ਦੇ ਭਾਸ਼ਣ ਵਿਚਲੀਆਂ ਹੋਰ ਮਹੱਤਵਪੂਰਨ ਗੱਲਾਂ ਦੀ ਚਰਚਾ ਕਰੀਏ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬ ਹਮੇਸ਼ਾ ਜ਼ੁਲਮ ਦੇ ਖਿਲਾਫ਼ ਲੜਦਾ ਰਿਹਾ ਹੈ। ਲੜਾਈ ਅੱਜ ਵੀ ਜਾਰੀ ਹੈ। ਜ਼ੁਲਮ ਦੇ ਖ਼ਿਲਾਫ਼ ਲੜਨ ਦੀ ਗੁੜ੍ਹਤੀ ਸਾਨੂੰ ਸਾਡੇ ਗੁਰੂਆਂ ਨੇ ਦਿੱਤੀ ਸੀ। ਮੁੱਖ ਮੰਤਰੀ ਮਾਨ ਨੇ ਆਪਣੇ ਭਾਸ਼ਣ ਵਿੱਚ ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਸਮੇਤ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਉਨ੍ਹਾਂ ਇਹ ਗੱਲ ਵੀ ਸਾਂਝੀ ਕੀਤੀ ਕਿ ਮੁਲਕ ਦੀ ਪਾਰਲੀਮੈਂਟ ਵਿੱਚ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਪਹਿਲੀ ਵਾਰ ਸ਼ਰਧਾਂਜਲੀ ਉਨ੍ਹਾਂ ਦੀ ਮੰਗ 'ਤੇ ਦਿੱਤੀ ਗਈ ਸੀ। ਇਸ ਲਈ ਕਾਫੀ ਜੱਦੋ ਜਹਿਦ ਕਰਨੀ ਸੀ। ਉਸ ਵੇਲੇ ਉਸ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਨ। ਉਨ੍ਹਾਂ ਨੇ ਸਰਹੱਦਾਂ 'ਤੇ ਲੜ ਰਹੇ ਫੌਜੀਆਂ ਦੀ ਪ੍ਰਸ਼ੰਸਾ ਵਿੱਚ ਵੀ ਵਿਸ਼ੇਸ਼ ਸ਼ਬਦ ਕਹੇ ਕਿ ਪੰਜਾਹ ਡਿਗਰੀ ਮਨਫੀ ਅਤੇ ਪੰਜਾਹ ਡਿਗਰੀ ਪਲੱਸ ਤਾਪਮਾਨ ਵਿੱਚ ਰਹਿ ਕੇ ਉਹ ਸੀ ਨਹੀਂ ਕਰਦੇ ਹਨ।

ਉਨ੍ਹਾਂ ਨੇ ਪੰਜਾਬ ਦੇ ਕਿਸਾਨ ਦੀ ਮਿਹਨਤ ਦੇ ਗੁਣ ਵੀ ਗਾਏ। ਉਨ੍ਹਾਂ ਦਾ ਕਹਿਣਾ ਸੀ ਕਿ ਦੇਸ਼ ਦੀ ਆਜ਼ਾਦੀ ਦੀ ਲੜਾਈ ਮੂਹਰੇ ਹੋ ਕੇ ਲੜਨ ਤੋਂ ਬਾਅਦ ਪੰਜਾਬ ਦੇ ਕਿਸਾਨ ਨੇ ਹੀ ਅੰਨ ਦਾਤਾ ਬਣ ਕੇ ਮੁਲਕ ਦਾ ਢਿੱਡ ਭਰਿਆ ਹੈ। ਉਸ ਤੋਂ ਬਾਅਦ ਭਾਰਤ ਨੂੰ ਅਮਰੀਕਾ ਅੱਗੇ ਹੱਥ ਅੱਡਣ ਦੀ ਲੋੜ ਨਹੀਂ ਰਹੀ ਸੀ। ਉਨ੍ਹਾਂ ਨੇ ਪੰਜਾਬ ਦੀ ਧਰਤੀ ਹੇਠਾਂ ਮੁੱਕ ਰਹੇ ਪਾਣੀ 'ਤੇ ਚਿੰਤਾ ਪ੍ਰਗਟਾਈ। ਮੁੱਖ ਮੰਤਰੀ ਮਾਨ ਪੰਜਾਬ ਨੂੰ ਸੱਚ-ਮੁੱਚ ਰੰਗਲਾ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਲਈ ਇਹ ਰਾਹ ਫੁੱਲਾਂ ਦੀ ਸੇਜ ਨਹੀਂ, ਸਗੋਂ ਕੰਡਿਆਲਾ ਹੈ। ਉਹ ਦੋ ਕਦਮ ਅੱਗੇ ਤੁਰਦੇ ਹਨ ਤੇ ਉਨ੍ਹਾਂ ਦੇ ਸਾਥੀ ਅੱਠ ਕਦਮ ਪਿੱਛੇ ਖਿੱਚ ਲੈਂਦੇ ਹਨ। ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਉਨ੍ਹਾਂ ਨੂੰ ਠਿੱਬੀ ਲਾਉਣ ਲਈ ਪੂਰਾ ਜ਼ੋਰ ਲੱਗਾ ਹੋਇਆ ਹੈ।



# 'ਸਿੱਖ ਰਹਿਤ ਮਰਯਾਦਾ ਇਤਿਹਾਸਕ ਪਰਿਪੇਖ'

ਦਿਲਜੀਤ ਸਿੰਘ ਬੇਦੀ
ਫੋਨ: +91-76579-68570



***ਸੰਸਾਰ ਦੇ ਸਾਰੇ ਧਰਮ ਮਨੁੱਖ ਜੀਵਨ ਦੇ ਉਚੇਰੇ ਰੂਪ ਨੂੰ ਤਲਾਸ਼ਣ ਅਤੇ ਸਿਰਜਣ ਲਈ ਯਤਨਸ਼ੀਲ ਰਹੇ ਹਨ। ਹਰ ਧਰਮ ਦਾ ਉਦੇਸ਼ ਮਨੁੱਖ ਨੂੰ ਅਧਿਆਤਮਕ ਅਨੁਭਵ ਦੀ ਗਹਿਰਾਈ ਦੇਣਾ ਅਤੇ ਨੈਤਿਕ ਪੱਖੋਂ ਠੀਕ ਜੀਵਨ ਜਿਉਣ ਲਈ ਦ੍ਰਿੜ ਕਰਨਾ ਹੈ। ਹਰ ਧਰਮ ਵਿੱਚ ਅਨੁਯਾਈਆਂ ਲਈ ਅਧਿਆਤਮ ਦੇ ਸਫ਼ਰ ਲਈ ਅਤੇ ਚੰਗਾ ਜੀਵਨ ਹੰਢਾਉਣ ਲਈ ਜ਼ਾਹਰਾ ਤੇ ਸੂਖ਼ਮ- ਦੋਵਾਂ ਰੂਪਾਂ ਵਿੱਚ ਸੂਤਰ ਮੌਜੂਦ ਹਨ। ਇਨ੍ਹਾਂ ਸੂਤਰਾਂ ਰਾਹੀਂ ਧਰਮ ਦੇ ਰਾਹ ਦੀ ਸੂਝ ਮਿਲਦੀ ਹੈ, ਚੰਗੇ ਅਤੇ ਬੁਰੇ ਦਾ ਫ਼ਰਕ ਪਤਾ ਲੱਗਦਾ ਹੈ; ਕੀ ਕਰਨਾ ਹੈ ਤੇ ਕੀ ਨਹੀਂ, ਦੀ ਦੁਬਿਧਾ ਦੂਰ ਹੁੰਦੀ ਹੈ।***

'ਸਿੱਖ ਰਹਿਤ ਮਰਯਾਦਾ: ਇਤਿਹਾਸਕ ਪਰਿਪੇਖ' ਪੁਸਤਕ ਨੂੰ ਲੇਖਿਕਾ ਡਾ. ਰਿਜਬਨ ਕੌਰ ਨੇ ਚਾਰ ਅਧਿਆਇਆਂ ਵਿੱਚ ਵੰਡਿਆ ਹੈ। ਦੋ ਸ਼ਬਦਾਂ ਵਿੱਚ ਡਾ. ਸਰਬਜਿੰਦਰ ਸਿੰਘ ਨੇ ਅਸੀਸ ਅੰਕਿਤ ਕੀਤੀ ਹੈ। ਭੂਮਿਕਾ ਡਾ. ਅਬਨੀਸ਼ ਕੌਰ ਦੀ ਹੈ। ਅਸਲ ਵਿੱਚ ਡਾ. ਰਿਜਬਨ ਕੌਰ ਦਾ ਇਹ ਪੀਐਚ. ਡੀ. ਖੋਜ ਦਸਤਾਵੇਜ਼ ਹੈ, ਜੋ ਕਿਤਾਬੀ ਰੂਪ ਵਿੱਚ ਪਾਠਕਾਂ ਦੇ ਹੱਥਾਂ ਵਿੱਚ ਹੈ। ਪੁਸਤਕ ਵਿੱਚ 'ਸਿੱਖ ਰਹਿਤ ਮਰਯਾਦਾ' ਦੀ ਸਮੁੱਚੀ ਬਣਤਰ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਪਹਿਲੇ ਅਧਿਆਏ ਵਿੱਚ 'ਰਹਿਤ' ਦੇ ਅਰਥ ਅਤੇ ਸਰੂਪ ਉਪਰ ਚਾਨਣਾ ਪਾਇਆ ਗਿਆ ਹੈ। ਇਥੇ ਸਿਰਫ ਸਿੱਖ ਧਰਮ ਵਿੱਚ ਪ੍ਰਾਪਤ 'ਰਹਿਤ' ਨੂੰ ਹੀ ਆਧਾਰ ਨਹੀਂ ਬਣਾਇਆ ਗਿਆ, ਸਗੋਂ ਸੰਸਾਰ ਦੇ ਵੱਖਰੇ ਵੱਖਰੇ ਧਰਮਾਂ ਵਿੱਚ ਪ੍ਰਾਪਤ 'ਰਹਿਤ' ਦੇ ਸੰਕਲਪ ਅਤੇ ਸਰੂਪ ਨੂੰ ਵੀ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਰਹਿਤ' ਦਾ ਤੁਲਨਾਤਮਕ ਪਰਿਪੇਖ 'ਸਿੱਖ ਰਹਿਤ' ਦੀ ਵਿਲੱਖਣਤਾ ਨੂੰ ਉਭਾਰਨ ਵਿੱਚ ਸਹਾਈ ਹੁੰਦਾ ਹੈ।


ਦੂਜੇ ਅਧਿਆਇ ਵਿੱਚ 'ਸਿੱਖ ਰਹਿਤ ਮਰਯਾਦਾ' ਦੇ ਇਤਿਹਾਸਕ ਪਿਛੋਕੜ 'ਤੇ ਚਰਚਾ ਕੀਤੀ ਗਈ ਹੈ। 'ਸਿੱਖ ਰਹਿਤ ਮਰਯਾਦਾ' ਦੇ ਹੋਂਦ ਵਿੱਚ ਆਉਣ ਦੇ ਕਾਰਨ ਅਤੇ ਇਸ ਦੇ ਮੌਜੂਦਾ ਸਰੂਪ ਨੂੰ ਵਿਚਾਰਿਆ ਗਿਆ ਹੈ। ਤੀਜੇ ਅਧਿਆਇ ਵਿੱਚ 'ਸਿੱਖ ਰਹਿਤ ਮਰਯਾਦਾ' ਦਾ ਆਧਾਰ ਬਣੇ ਸਰੋਤਾਂ ਨੂੰ ਪਛਾਣਨ ਅਤੇ ਉਨ੍ਹਾਂ ਦੀ ਭੂਮਿਕਾ ਦੇ ਪ੍ਰਸੰਗ ਨੂੰ ਥਾਂ ਦਿੱਤੀ ਗਈ ਹੈ। ਇਸ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ', 'ਸ੍ਰੀ ਦਸਮ ਗ੍ਰੰਥ', 'ਭਾਈ ਗੁਰਦਾਸ ਜੀ ਦੀਆਂ ਵਾਰਾਂ' ਸਮੇਤ ਹੋਰ ਇਤਿਹਾਸਕ ਸਰੋਤਾਂ, ਹੁਕਮਨਾਮਿਆਂ ਅਤੇ ਰਹਿਤਨਾਮਿਆਂ ਦੀ ਭੂਮਿਕਾ ਨੂੰ ਸ਼ਾਮਲ ਕੀਤਾ ਗਿਆ ਹੈ। ਪੁਸਤਕ ਦੇ ਚੌਥੇ ਅਧਿਆਇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ 'ਸਿੱਖ ਰਹਿਤ ਮਰਯਾਦਾ' ਦੇ ਇਤਿਹਾਸ ਅਤੇ ਸਰੂਪ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਵਿੱਚ ਦਰਜ ਕੀਤੇ ਗਏ ਸ਼ਖਸੀ ਅਤੇ ਪੰਥਕ ਰਹਿਣੀ ਨੂੰ ਹਵਾਲਿਆਂ ਸਹਿਤ ਵਿਚਾਰਿਆ ਗਿਆ ਹੈ। 'ਸਿੱਖ ਰਹਿਤ ਮਰਯਾਦਾ' ਦੇ ਦੋਵੇਂ ਪੱਖਾਂ ਸ਼ਖਸੀ ਅਤੇ ਪੰਥਕ ਰਹਿਣੀ ਨੂੰ ਸਮਾਜਿਕ ਤੇ ਅਧਿਆਤਮਕ ਹਵਾਲੇ ਨਾਲ ਇਸ ਅਧਿਆਇ ਵਿੱਚ ਪੇਸ਼ ਕੀਤਾ ਗਿਆ ਹੈ।


ਲੇਖਿਕਾ ਨੇ ਅੰਕਿਤ ਕੀਤਾ ਹੈ ਕਿ ਮਨੁੱਖੀ ਇਤਿਹਾਸ ਵਿੱਚ ਧਰਮ ਇੱਕ ਅਜਿਹੀ ਬਣਤਰ ਹੈ, ਜਿਸ ਰਾਹੀਂ ਮਨੁੱਖ ਨੇ ਜੀਵਨ ਹੋਂਦ ਬਾਬਤ ਸਭ ਤੋਂ ਵਧੇਰੇ ਚਿੰਤਨ ਕੀਤਾ ਹੈ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਮਨੁੱਖ ਅਤੇ ਧਰਮ ਦੀ ਹੋਂਦ ਇੱਕੋ ਸਮੇਂ ਬੱਝਦੀ ਹੈ। ਮਨੁੱਖੀ ਮਨ ਦਾ ਡਰ ਅਤੇ ਸ਼ਰਧਾ ਨੂੰ ਧਰਮ ਦਾ ਮੁਢਲਾ ਰੂਪ ਮੰਨਿਆ ਜਾਂਦਾ ਹੈ, ਕਿਉਂਕਿ ਉਹ/ਮਨੁੱਖ ਆਲੇ-ਦੁਆਲੇ ਵਾਪਰ ਰਹੇ ਪਸਾਰੇ ਤੋਂ ਅਚੰਭਿਤ ਹੁੰਦਾ ਸੀ। ਜੰਮਣਾ, ਮਰਨਾ ਅਤੇ ਹੋਰ ਕੁਦਰਤੀ ਵਰਤਾਰਾ ਉਸ ਲਈ ਬੁਝਾਰਤ ਸੀ। ਅਗਿਆਤ ਪ੍ਰਤੀ ਅਜਿਹੀ ਭਾਵਨਾ ਤੋਂ ਧਰਮ ਦਾ ਮੁੱਢ ਬੱਝਿਆ ਪ੍ਰਵਾਨ ਕੀਤਾ ਜਾਂਦਾ ਹੈ। ਪ੍ਰਕ੍ਰਿਤੀ ਦੀ ਪੂਜਾ ਦੇ ਆਰੰਭ ਨੂੰ ਇਸੇ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ।

ਧਰਮ ਦੀ ਪ੍ਰਾਚੀਨਤਾ ਬਾਰੇ ਮੈਕਸਮੂਲਰ ਦੀ ਟਿੱਪਣੀ ਦੇਣੀ ਵਾਜਬ ਲਗਦੀ ਹੈ, ਜਿਸ ਦਾ ਅਨੁਵਾਦ ਡਾ. ਤਾਰਨ ਸਿੰਘ ਨੇ ਕੁਝ ਇਸ ਤਰ੍ਹਾਂ ਕੀਤਾ ਹੈ, "ਧਰਮ ਨਵੀਨ ਕਾਢ ਨਹੀਂ ਹੈ। ਜੋ ਇਹ ਇਤਨਾ ਪੁਰਾਤਨ ਨਹੀਂ ਹੈ ਜਿਤਨਾ ਕਿ ਸੰਸਾਰ ਹੈ, ਤਾਂ ਇਹ ਘੱਟੋ-ਘੱਟ ਇਤਨਾ ਪੁਰਾਤਨ ਜ਼ਰੂਰ ਹੈ ਜਿਤਨੀ ਉਹ ਦੁਨੀਆ ਹੈ, ਜਿਸ ਦਾ ਸਾਨੂੰ ਗਿਆਨ ਹੈ। ਲਗਭਗ ਜਦੋਂ ਤੋਂ ਸਾਨੂੰ ਮਨੁੱਖ ਦੇ ਭਾਵਾਂ ਤੇ ਵਿਚਾਰਾਂ ਬਾਰੇ ਕੁਝ ਜਾਣਕਾਰੀ ਮਿਲਦੀ ਹੈ, ਉਦੋਂ ਤੋਂ ਹੀ ਇਹ ਪਤਾ ਲੱਗਦਾ ਹੈ ਕਿ ਉਸ ਦਾ ਧਰਮ ਹੈ ਸੀ, ਸਗੋਂ ਉਹ ਧਰਮ ਦੇ ਵੱਸ ਵਿੱਚ ਸੀ। ਜਿਤਨੇ ਵੀ ਪ੍ਰਾਚੀਨ ਗ੍ਰੰਥ ਜਿੱਥੇ ਵੀ ਰਚੇ ਗਏ ਹਨ, ਉਹ ਲਗਭਗ ਸਾਰੇ ਧਰਮ ਭਾਵਨਾ ਵਾਲੇ ਹਨ। ਇਸ ਲਈ ਹਰਡਰ ਕਹਿੰਦਾ ਹੈ ਕਿ ਸਾਡੀ ਦੁਨੀਆ ਦੇ ਸਾਰੇ ਉੱਤਮ ਸਭਿਆਚਾਰਾਂ ਦੀਆਂ ਜੜ੍ਹਾਂ ਧਾਰਮਿਕ ਰਵਾਇਤਾਂ ਵਿੱਚ ਹਨ, ਭਾਵੇਂ ਉਹ ਰਵਾਇਤਾਂ ਲਿਖਤੀ ਜਾਂ ਮੌਖਿਕ ਸਾਹਿਤ ਨੇ ਥਾਪੀਆਂ। ਇਹ ਸਾਹਿਤ ਮਨੁੱਖੀ ਸੋਚ ਵਿੱਚ ਧਰਮ ਪ੍ਰਤੀ ਵਿਚਾਰਾਂ ਨੂੰ ਉਜਾਗਰ ਕਰਦੇ ਹਨ, ਕਿਉਂਕਿ ਮਨੁੱਖ ਆਪਣੇ ਜੀਵਨ ਅਤੇ ਚੌਗਿਰਦੇ ਦੇ ਰਹੱਸ ਨੂੰ ਜਾਣਨ ਹਿਤ ਸਦੀਆਂ ਤੋਂ ਚਿੰਤਨ ਕਰਦਾ ਆ ਰਿਹਾ ਹੈ।" ਧਰਮ ਇੱਕ ਅਜਿਹਾ ਰਹੱਸ ਹੈ, ਜਿਸ ਨੂੰ ਹਰ ਮਨੁੱਖ ਆਪਣੀ ਅੰਤਰ-ਸੂਝ ਮੁਤਾਬਕ ਸਮਝਦਾ ਅਤੇ ਜਿਉਂਦਾ ਹੈ। ਮਨੁੱਖ ਕਿਉਂਕਿ ਸੰਵੇਦਨਸ਼ੀਲ ਹੈ, ਇਸ ਕਰਕੇ ਇਹ ਧਰਮ ਨੂੰ ਸਮਝਣ ਲਈ ਯਤਨਸ਼ੀਲ ਰਹਿੰਦਾ ਹੈ।

ਮਨੁੱਖੀ ਜੀਵਨ ਦਾ ਮਹੱਤਵਪੂਰਨ ਅੰਸ਼ ਹੋਣ ਕਾਰਨ ਅਤੇ ਸਮਾਜ ਨੂੰ ਨਿਯਮਤ ਰੂਪ ਵਿੱਚ ਚਲਾਉਣ ਲਈ ਧਰਮ ਦੀ ਹਮੇਸ਼ਾ ਲੋੜ ਰਹੀ ਹੈ। "ਧਰਮ ਨੂੰ ਸਮਾਜੀਕਰਨ ਅਤੇ ਸਮਾਜਕ ਕੰਟਰੋਲ ਦੀ ਅਹਿਮ ਏਜੰਸੀ ਵਜੋਂ ਵੀ ਸਵੀਕਾਰਿਆ ਜਾਂਦਾ ਹੈ। ਇਹ ਮਨੁੱਖੀ ਜੀਵਨ ਨੂੰ ਸ਼ੁਰੂ ਤੋਂ ਨਿਰਦੇਸ਼ਤ ਕਰਦਾ ਆਇਆ ਹੈ। ਦੁਨੀਆ ਵਿੱਚ ਵਿਭਿੰਨ ਧਰਮਾਂ ਦੀ ਹੋਂਦ ਸਮੇਂ ਦੀ ਤੋਰ ਦੇ ਸਮਾਨੰਤਰ ਇੱਕ ਅਜਿਹੇ ਬਦਲਵੇਂ ਰੂਪ ਦੀ ਖੋਜ ਵਿੱਚ ਰਹੀ ਹੈ, ਜਿਸ ਨਾਲ ਜੀਵਨ ਅਰਥਪੂਰਨ, ਸਾਰਥਕ ਅਤੇ ਜਿਉਣਯੋਗ ਨਜ਼ਰ ਆ ਸਕੇ। ਧਰਮ ਜਿੱਥੇ ਇੱਕ ਪਾਸੇ ਦਰਸ਼ਨ ਨਾਲ ਸਬੰਧਤ ਹੈ, ਉੱਥੇ ਦੂਜੇ ਪਾਸੇ ਇਹ ਇੱਕ ਜੀਵਨ-ਜਾਚ ਹੈ। ਇਹ ਸਿਧਾਂਤ ਅਤੇ ਵਿਹਾਰ ਦਾ ਅਜਿਹਾ ਵਿਲੱਖਣ ਸੰਯੋਗ ਹੈ, ਜਿਸ ਰਾਹੀਂ ਮਨੁੱਖ ਨੇ ਬਹੁਤ ਕੁਝ ਨਵਾਂ ਅਤੇ ਵੱਖਰਾ ਕੀਤਾ ਹੈ। ਇਸ ਲਈ ਧਰਮ ਸਰਵ ਸਮਿਆਂ ਲਈ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ।

ਧਰਮ ਨੂੰ ਅੰਗਰੇਜ਼ੀ ਵਿੱਚ ਰਿਲੀਜਨ ਨਾਲ ਜਾਣਿਆ ਜਾਂਦਾ ਹੈ। ਧਰਮ ਦਾ ਅਰਥ ਨਿਯਮ, ਕਾਨੂੰਨ, ਫ਼ਰਜ਼, ਕਰਤੱਵ ਆਦਿ ਵੀ ਲਿਆ ਜਾਂਦਾ ਹੈ। ਇਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ ਵਿੱਚ ਧਰਮ ਦਾ ਅਰਥ ਪਵਿੱਤਰ ਵਿਧਾਨ, ਕਰਤੱਵ, ਨਿਆਂ ਅਤੇ ਧਾਰਮਿਕ ਸ੍ਰੇਸ਼ਟਤਾ ਆਦਿ ਕੀਤੇ ਗਏ ਹਨ। ਧਰਮ ਸ਼ਬਦ ਦੇ ਅਰਥ ਹਨ: ਅਕੀਦਾ, ਧਰਮਗਤਾ, ਅੰਤਿਮ ਸੱਚਾਈ ਬਾਰੇ ਮਨੁੱਖ ਦੀ ਰੁਚੀ, ਪਰਮਾਤਮਾ ਦੀ ਹੋਂਦ ਬਾਰੇ ਆਪਣਾ ਨਿੱਜੀ ਤਜਰਬਾ, ਅਧਿਆਤਮਕ ਅਸਲੀਅਤ ਵਿੱਚ ਵਿਸ਼ਵਾਸ ਇਤਿਆਦਿ। ਧਰਮ ਵਿੱਚ ਕੁਝ ਮਨੁੱਖੀ ਵਿਚਾਰ, ਆਦਰਸ਼, ਰਹੁ-ਰੀਤੀਆਂ ਤੇ ਸੰਸਥਾਵਾਂ ਸ਼ਾਮਲ ਹਨ... ਸ਼ਬਦ 'ਧਰਮ' ਦਾ ਅਸਲੀ ਅਰਥ ਹੈ- ਕਿਸੇ ਨੂੰ ਆਸਰਾ ਦੇਣਾ, ਸਹਾਰਾ ਦੇਣਾ। ਇਹ 'ਧਰਮ' ਉਹ ਹੈ, ਜਿਹੜਾ ਕਿਸੇ ਚੀਜ਼ (ਅਸੂਲ) ਨੂੰ ਥੰਮ੍ਹਦਾ, ਬਣਾਈ ਰੱਖਦਾ ਜਾਂ ਕਾਇਮ ਰੱਖਦਾ ਹੈ। ਇਸ ਤਰ੍ਹਾਂ ਧਰਮ ਮਨੁੱਖ ਲਈ ਕੁਝ ਨਿਯਮ ਨਿਰਧਾਰਿਤ ਕਰਦਾ ਹੈ, ਜਿਸ ਅਨੁਸਾਰ ਉਸ ਨੇ ਆਪਣਾ ਜੀਵਨ ਬਤੀਤ ਕਰਨਾ ਹੈ ਅਤੇ ਆਪਣੇ ਅਸਲ ਮਨੋਰਥ ਜਾਂ ਮੂਲ ਵੱਲ ਨੂੰ ਪਰਤਣਾ ਹੈ। ਆਮ ਤੌਰ ਤੇ 'ਰਹਿਤ' ਦਾ ਸ਼ਾਬਦਿਕ ਅਰਥ ਜੀਵਨ ਜਿਉਣ ਦੀ ਜਾਚ ਜਾਂ ਜੀਵਨ ਦੇ ਰਹਿਣ-ਸਹਿਣ ਦੇ ਤਰੀਕੇ ਤੋਂ ਲਿਆ ਜਾਂਦਾ ਹੈ।



ਪੁਸਤਕ ਦਾ ਸਰਵਰਕ ਅਤੇ ਲੇਖਿਕਾ ਡਾ. ਰਿਜਬਨ ਕੌਰ

ਡਾ. ਅਬਨੀਸ਼ ਕੌਰ ਇਸ ਪੁਸਤਕ ਦੀ ਭੂਮਿਕਾ ਵਿੱਚ ਲਿਖਦੀ ਹੈ, ਸਿੱਖ ਧਰਮ ਦੇ ਧਾਰਮਿਕ ਨਿਯਮ 'ਸਿੱਖ ਰਹਿਤ ਮਰਯਾਦਾ' ਵਿੱਚ ਦਰਜ ਹਨ। ਸਿੱਖ ਰਹਿਤ ਮਰਯਾਦਾ' ਸਿੱਖਾਂ ਦੀ ਨੈਤਿਕ ਅਤੇ ਅਧਿਆਤਮਕ ਅਗਵਾਈ ਲਈ ਸਿਰਜਿਆ ਅਹਿਮ ਦਸਤਾਵੇਜ਼ ਹੈ। ਇੱਕ ਸਿੱਖ ਨੇ ਕਿਹੋ ਜਿਹਾ ਅਤੇ ਕਿਵੇਂ ਦਾ ਜੀਵਨ ਬਤੀਤ ਕਰਨਾ ਹੈ, ਉਸ ਬਾਰੇ 'ਸਿੱਖ ਰਹਿਤ ਮਰਯਾਦਾ' ਵਿੱਚ ਨਿਰਦੇਸ਼ ਅਤੇ ਸੋਝੀ ਮੌਜੂਦ ਹੈ। ਧਰਮ ਰੂਹਾਨੀ ਅਨੁਭਵ ਅਤੇ ਸਾਰਥਕ ਜੀਵਨ-ਜਾਚ ਦਾ ਮੂਲ ਸਰੋਤ ਹੈ। ਮਨੁੱਖੀ ਜੀਵਨ ਨੂੰ ਉਚੇਰੇ ਆਦਰਸ਼ ਨਾਲ ਜੋੜਨ ਲਈ ਧਰਮ ਦੀ ਆਧਾਰਭੂਤ ਭੂਮਿਕਾ ਹੈ। ਸੰਸਾਰ ਦੇ ਸਾਰੇ ਧਰਮ ਮਨੁੱਖ ਜੀਵਨ ਦੇ ਉਚੇਰੇ ਰੂਪ ਨੂੰ ਤਲਾਸ਼ਣ ਅਤੇ ਸਿਰਜਣ ਲਈ ਯਤਨਸ਼ੀਲ ਰਹੇ ਹਨ। ਹਰ ਧਰਮ ਦਾ ਉਦੇਸ਼ ਮਨੁੱਖ ਨੂੰ ਅਧਿਆਤਮਕ ਅਨੁਭਵ ਦੀ ਗਹਿਰਾਈ ਦੇਣਾ ਅਤੇ ਨੈਤਿਕ ਪੱਖੋਂ ਠੀਕ ਜੀਵਨ ਜਿਉਣ ਲਈ ਦ੍ਰਿੜ ਕਰਨਾ ਹੈ। ਹਰ ਧਰਮ ਵਿੱਚ ਅਨੁਯਾਈਆਂ ਲਈ ਅਧਿਆਤਮ ਦੇ ਸਫ਼ਰ ਲਈ ਅਤੇ ਚੰਗਾ ਜੀਵਨ ਹੰਢਾਉਣ ਲਈ ਜ਼ਾਹਰਾ ਤੇ ਸੂਖ਼ਮ-ਦੋਵਾਂ ਰੂਪਾਂ ਵਿੱਚ ਸੂਤਰ ਮੌਜੂਦ ਹਨ। ਇਨ੍ਹਾਂ ਸੂਤਰਾਂ ਰਾਹੀਂ ਧਰਮ ਦੇ ਰਾਹ ਦੀ ਸੂਝ ਮਿਲਦੀ ਹੈ, ਚੰਗੇ ਅਤੇ ਬੁਰੇ ਦਾ ਫ਼ਰਕ ਪਤਾ ਲੱਗਦਾ ਹੈ; ਕੀ ਕਰਨਾ ਹੈ ਤੇ ਕੀ ਨਹੀਂ, ਦੀ ਦੁਬਿਧਾ ਦੂਰ ਹੁੰਦੀ ਹੈ। ਗੁਰੂ ਦੁਆਰਾ ਦੱਸੇ ਮਾਰਗ ਨਾਲ ਜੀਵਨ ਨੂੰ ਸਾਰਥਕ ਕਰਨ ਦੀ ਪ੍ਰਕਿਰਿਆ ਸੰਭਵ ਹੁੰਦੀ ਹੈ। ਧਰਮ ਦੇ ਸੰਗਠਿਤ ਰੂਪ ਵਿੱਚ ਜੀਵਨ ਨੂੰ ਸੇਧਿਤ ਕਰਨ ਲਈ ਨਿਯਮਾਂ ਦਾ ਪ੍ਰਬੰਧ ਬਣਾਇਆ ਜਾਂਦਾ ਹੈ। ਇਸ ਪ੍ਰਬੰਧ ਦਾ ਮੂਲ ਜੀਵਨ ਦੀਆਂ ਗਹਿਰੀਆਂ ਰਮਜ਼ਾਂ ਅਤੇ ਸੂਖ਼ਮ ਰਾਹਾਂ ਨੂੰ ਸੁਰੱਖਿਅਤ ਰੱਖਣਾ ਹੁੰਦਾ ਹੈ। ਧਰਮ ਵਿੱਚ ਅਨੁਯਾਈਆਂ ਨੂੰ ਮੁਕਤੀ ਮਾਰਗ 'ਤੇ ਚੱਲਣ ਲਈ ਤਾਕੀਦ ਕੀਤੀ ਗਈ ਹੁੰਦੀ ਹੈ। ਇਸੇ ਆਦੇਸ਼ ਵਿੱਚ ਕੁਝ ਨਿਯਮ ਵਿਸ਼ੇਸ਼ ਹੁੰਦੇ ਹਨ। ਇਨ੍ਹਾਂ ਦਾ ਨਾਤਾ ਅਧਿਆਤਮ ਨਾਲ ਹੁੰਦਾ ਹੈ ਅਤੇ ਰੀਤਾਂ ਰਸਮਾਂ ਤੇ ਸੰਸਕਾਰਾਂ ਦਾ ਮਿਸ਼ਰਣ ਵੀ ਹੁੰਦਾ ਹੈ। ਧਰਮ ਵਿਸ਼ੇਸ਼ ਦੇ ਅਨੁਯਾਈ ਨੇ ਮੁਢਲੇ ਰੂਪ ਵਿੱਚ ਇਨ੍ਹਾਂ ਨਿਯਮਾਂ ਜਾਂ ਜੀਵਨ-ਵਿਧੀਆਂ ਨੂੰ ਧਾਰਨ ਕਰਨਾ ਹੁੰਦਾ ਹੈ ਅਤੇ ਇਨ੍ਹਾਂ 'ਤੇ ਨਿਰੰਤਰ ਚੱਲਣਾ ਹੁੰਦਾ ਹੈ। ਉਹ ਨੈਤਿਕ ਅਤੇ ਸੰਸਾਰ ਲਈ ਕਲਿਆਣਕਾਰੀ ਹੁੰਦਾ ਹੈ, ਪਰ ਧਰਮ ਦੇ ਰਸਤੇ ਦੇ ਆਰੰਭਲੇ ਪੜਾਅ ਵਿੱਚ ਤੈਅ ਕੀਤੀ ਜੀਵਨ ਜਾਚ ਨੂੰ ਜਿਉਣ ਦੀ ਬਹੁਤ ਅਹਿਮੀਅਤ ਹੈ।

ਲੇਖਿਕਾ ਅਨੁਸਾਰ ਦਇਆ ਧਰਮ ਦਾ ਮੂਲ ਹੈ ਤੇ ਧਰਮ ਦਇਆ ਤੋਂ ਹੀ ਸ਼ੁਰੂ ਹੁੰਦਾ ਹੈ। ਦਇਆ ਤੋਂ ਬਿਨਾ ਕੋਈ ਧਰਮ, ਧਰਮ ਨਹੀਂ ਰਹਿ ਜਾਂਦਾ, ਜ਼ੁਲਮ ਹੋ ਨਿਬੜਦਾ ਹੈ। ਦਇਆ ਤੇ ਧਰਮ ਦੇ ਸੁਮੇਲ ਨਾਲ ਮਨ ਵਿੱਚ ਆਪਣੇ ਆਪ ਹਿੰਮਤ ਪੈਦਾ ਹੁੰਦੀ ਹੈ। ਇਹ ਹਿੰਮਤ ਫਿਰ ਦ੍ਰਿੜਤਾ ਦਾ ਆਧਾਰ ਹੈ ਤੇ ਇਹ ਦ੍ਰਿੜਤਾ ਹੀ ਮੁਹਕਮ ਹੈ। ਇਹ ਸਾਰੇ ਗੁਣ- ਦਇਆ, ਧਰਮ, ਹਿੰਮਤ ਤੇ ਮੁਹਕਮ (ਦ੍ਰਿੜਤਾ) ਰਲ ਕੇ ਸਾਹਿਬ ਅਰਥਾਤ ਪ੍ਰਭੂ ਦਾ ਲੱਛਣ ਬਣਦੇ ਹਨ। ਗੁਰੂ ਗੋਬਿੰਦ ਸਿੰਘ ਨੇ ਇਹ ਪੰਜ ਪਿਆਰੇ, ਇਨ੍ਹਾਂ ਪੰਜ ਭੌਤਿਕ ਤੱਤਾਂ ਦੇ ਸਮਾਨੰਤਰ ਥਾਪ ਕੇ ਆਪਣੇ ਸੰਕਲਪ ਦੀ ਸਮਾਜ ਉਸਾਰੀ ਦਾ ਮੁੱਢ ਬੰਨ੍ਹਿਆ। ਇਹ ਪੰਜ ਪਿਆਰੇ ਇਨ੍ਹਾਂ ਪੰਜਾਂ ਭੌਤਿਕ ਤੱਤਾਂ ਦੇ ਸਮਾਨੰਤਰ, ਆਪਣੇ ਪੰਜ ਲੱਛਣਾ-ਦਇਆ, ਧਰਮ, ਹਿੰਮਤ, ਮੁਹਕਮ (ਦ੍ਰਿੜਤਾ) ਅਤੇ ਸਾਹਿਬ ਦੇ ਜੋੜ ਨਾਲ ਉਸੇ ਤਰ੍ਹਾਂ, ਉਨ੍ਹਾਂ ਦੇ ਸੰਕਲਪ ਵਾਲੇ ਖ਼ਾਲਸਾ ਸਮਾਜ ਨੂੰ ਉਸਾਰ ਲੈਣਗੇ, ਜਿਵੇਂ ਪੰਜ ਭੌਤਿਕ ਤੱਤਾਂ ਨੇ ਸਾਰੀ ਕਾਇਨਾਤ ਉਸਾਰੀ ਹੈ।


'ਅੰਮ੍ਰਿਤ ਸੰਸਕਾਰ' ਗੁਰੂ ਜੀ ਵੱਲੋਂ ਥਾਪਿਆ ਵਿਧਾਨ ਹੈ, ਜਿਸ ਉੱਪਰ ਨਿਸਚੇ ਨਾਲ ਚੱਲਣ ਲਈ 'ਗੁਰੂ' ਦੀ ਅਗਵਾਈ ਦੀ ਜ਼ਰੂਰਤ ਹੁੰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅੰਮ੍ਰਿਤ ਸੰਸਕਾਰ ਬਾਬਤ ਲਿਖਦੇ ਹਨ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਦੀਵਾਨ ਦੇ ਪੰਜ ਚੁਣੇ ਹੋਏ ਖੜਗਧਾਰੀ ਸਿੰਘ ਕਰਣੀ ਦੇ ਪੂਰੇ ਸਰਬਲੋਹ ਦੇ ਬਰਤਨ ਵਿੱਚ ਜਲ ਅਤੇ ਪਤਾਸੇ ਮਿਲਾ ਕੇ ਯਥਾ ਕ੍ਰਮ "ਵੀਰਾਸਨ" ਲਗਾ ਕੇ ਖੰਡਾ ਫੇਰਦੇ ਹੋਏ ਇੱਕ ਮਨ ਹੋ ਕੇ ਜਪੁ, ਜਾਪੁ, ਸਵੈਯੇ, ਚੌਪਈ ਅਤੇ ਅਨੰਦ ਦਾ ਪਾਠ ਕਰਨ, ਬਾਣੀ ਦਾ ਭੋਗ ਪਾ ਕੇ ਅਰਦਾਸਾ ਸੋਧ ਕੇ ਅੰਮ੍ਰਿਤ ਛਕਾਇਆ ਜਾਵੇ।

ਇਸ ਪੁਸਤਕ ਦਾ ਪ੍ਰਕਾਸ਼ਨ ਸਤਪਰਿਸ਼ੀ ਪਬਲੀਕੇਸ਼ਨ ਵੱਲੋਂ ਕੀਤਾ ਗਿਆ ਹੈ। ਇੱਕ ਸੌ ਸੱਠ ਪੰਨਿਆਂ ਦੀ ਕੀਮਤ 225 ਰੁਪਏ ਹੈ। ਉਮੀਦ ਹੈ, ਇਸ ਪੁਸਤਕ ਨਾਲ 'ਸਿੱਖ ਰਹਿਤ ਮਰਿਯਾਦਾ ਦੀ ਲੋੜ ਅਤੇ ਅਹਿਮੀਅਤ ਨੂੰ ਸਮਝਣ ਵਿੱਚ ਮਦਦ ਮਿਲੇਗੀ। ਇਹ ਪੁਸਤਕ 'ਸਿੱਖ ਰਹਿਤ ਮਰਯਾਦਾ ਨਾਲ ਸੰਵਾਦ ਹੈ, ਇਸ ਦਾ ਉਦੇਸ਼ ਧਰਮ ਅਤੇ ਅਕਾਦਮਿਕਤਾ ਦੇ ਰਿਸ਼ਤੇ ਨੂੰ ਮਜਬੂਤ ਕਰਨਾ ਵੀ ਹੈ।

# ਸਾਈਂ ਮੀਆਂ ਮੀਰ

## ‘ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ’

**“ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ” ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਖੋਜ ਕਰ ਕੇ ਤਿਆਰ ਕੀਤੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ “ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ” ਪੁਸਤਕ ਨੂੰ ‘ਪੰਜਾਬੀ ਪਰਵਾਜ਼’ ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਅੰਕ ਵਿੱਚ ਸਾਈਂ ਮੀਆਂ ਮੀਰ ਜੀ ਦਾ ਵੇਰਵਾ ਹੈ, ਜਿਸ ਦਾ ਪਹਿਲਾ ਹਿੱਸਾ ਪਿਛਲੇ ਅੰਕ ਵਿੱਚ ਛਾਪ ਚੁਕੇ ਹਾਂ। ਪੇਸ਼ ਹੈ, ਇਸ ਲੇਖ ਦਾ ਦੂਜਾ ਹਿੱਸਾ...**



**ਅਲੀ ਰਾਜਪੁਰਾ**
ਫੋਨ:+91-9417679302



**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

ਤਵਾਰੀਖ ਗੁਰੂ ਖ਼ਾਲਸਾ ਦੇ ਲੇਖਕ ਗਿਆਨੀ ਗਿਆਨ ਸਿੰਘ ਆਪਣੇ ਦੂਜੇ ਗ੍ਰੰਥ ‘ਪੰਥ ਪ੍ਰਕਾਸ਼’ ਵਿੱਚ ਵਿਸਤ੍ਰਿਤ ਵੇਰਵਾ ਦਿੰਦਿਆਂ ਲਿਖਦੇ ਹਨ ਕਿ ਹਰਿਮੰਦਰ ਸਹਿਬ ਦੀ ਨੀਂਹ ਸਾਈਂ ਮੀਰ ਜੀ ਦੇ ਮੁਬਾਰਕ ਹੱਥਾਂ ਤੋਂ ਰਖਵਾਈ ਗਈ ਹੈ। ਇਸ ਸਬੰਧ ਵਿੱਚ ਕੁਝ ਇਸ ਤਰ੍ਹਾਂ ਦੱਸਦੇ ਹਨ, “ਜਦੋਂ ਮੀਰ ਜੀ ਨੇ ਨੀਂਹ ਪੱਥਰ ਰੱਖਿਆ ਤਾਂ ਉਹ ਕੁਝ ਟੇਢਾ ਹੋ ਗਿਆ ਸੀ ਤੇ ਮਿਸਤਰੀ ਨੇ ਉਸ ਨੂੰ ਚੁੱਕ ਕੇ ਸਿੱਧਾ ਕਰ ਦਿੱਤਾ ਸੀ।” ਉਹ ਵੇਖਦਿਆਂ ਗੁਰੂ ਜੀ ਨੇ ਕਿਹਾ, “ਤੁਸੀਂ ਇਹ ਠੀਕ ਨਹੀਂ ਕੀਤਾ, ਇਸ ਪੱਥਰ ਨੂੰ ਚੁੱਕਣਾ ਨਹੀਂ ਸੀ ਚਾਹੀਦਾ। ਜਿਸ ਵੇਲ਼ੇ ਮੀਆਂ ਜੀ ਨੇ ਇਸ ਨੂੰ ਜਿਸ ਵੀ ਥਾਂ ’ਤੇ ਰੱਖਿਆ ਸੀ, ਉਹ ਘੜੀ ਅਤੇ ਉਹ ਥਾਂ ਦੋਵੇਂ ਮੁਬਾਰਕ (ਸ਼ੁਭ) ਸਨ। ਤੁਸੀਂ ਉਸ ਵਿੱਚ ਵਿਘਨ ਪਾ ਦਿੱਤਾ ਹੈ। ਹੁਣ ਭਵਿੱਖ ਵਿੱਚ ਕਿਸੇ ਵੇਲ਼ੇ ਇਹ ਜ਼ਰੂਰ ਗਿਰਾ ਦਿੱਤਾ ਜਾਵੇਗਾ ਅਤੇ ਸਿੱਖ ਮੁੜ ਇਸ ਦੀ ਉਸਾਰੀ ਕਰਨਗੇ।” ਗਿਆਨੀ ਜੀ ਦੇ ਮੂਲ ਸ਼ਬਦ ਕੁਝ ਇਸ ਤਰ੍ਹਾਂ ਸਨ,

ਸੰਮਤ ਸੋਲਾਂ ਸੈ ਇਕਤਾਲੀ। ਮੈਂ, ਮੰਦਰ ਰਚਾ ਬਿਸਾਲੀ।
ਮੀਆਂ ਮੀਰ ਤੇ ਨੀਊ ਰਖਾਈ। ਕਾਰੀਗਰ ਪਲਟਿ ਕਰਿ ਲਾਈ।
ਯਹਿ ਪਿਖਿ ਪੁਨ ਗੁਰੂ ਯੋ ਬਚਨ ਕਹੇ। ਧਰੀ ਤੁਰਕ ਕੀ ਨੀਉ ਨ ਰਹੇ।
ਏਕ ਬਾਰ ਜਰ ਤੈ ਉਡ ਜੈ ਹੈ। ਪੁਨ ਸਿੱਖਨ ਕਰ ਤੈ ਦਿਢ ਹਵੈ ਹੈ।

‘ਪੰਥ ਪ੍ਰਕਾਸ਼’ ਦੇ ਸੰਪਾਦਕ ਗਿਆਨੀ ਕ੍ਰਿਪਾਲ ਜੀ ਇਸ ਦੇ ਸੰਦਰਭ ਵਿੱਚ ਟਿੱਪਣੀ ਕਰਦਿਆਂ ਕਹਿੰਦੇ ਹਨ ਕਿ ਸ਼ਾਇਦ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਸਾਈਂ ਮੀਆਂ ਮੀਰ ਜੀ ਨੇ ਨਹੀਂ ਰੱਖਿਆ, ਸਗੋਂ ਗੁਰੂ ਅਰਜਨ ਦੇਵ ਜੀ ਨੇ ਆਪ ਰੱਖਿਆ ਸੀ। ਜਿਵੇਂ, ਗੁਰੂ ਪ੍ਰਤਾਪ ਸੂਰਜ ਗ੍ਰੰਥ (ਰਾਸ 2 ਅੰ: 53, ਅੰ: 13 ਤੋਂ 19) ਦੇ ਵਿਵਰਣ ਤੋਂ ਪਤਾ ਲੱਗਦਾ ਹੈ ਕਿ ਨੀਂਹ ਦੀ ਇੱਟ ਗੁਰੂ ਸਾਹਿਬ ਨੇ ਆਪ ਰੱਖੀ ਸੀ, ਜਿਸ ਨੂੰ ਕਾਰੀਗਰ ਨੇ ਚੁੱਕ ਸਿੱਧਾ ਕਰਕੇ ਰੱਖਿਆ ਸੀ। ਜਿਸ ’ਤੇ ਗੁਰੂ ਜੀ ਨੇ ਕਿਹਾ ਕਿ ਇਹ ਮੰਦਰ ਇੱਕ ਵਾਰ ਗਿਰ ਕੇ ਫੇਰ ਬਣੇਗਾ ਤੇ ਦੂਜੀ ਵਾਰ ਇਸ ਦੀ ਉਸਾਰੀ ਮੇਰੇ ਸਿੱਖ ਕਰਨਗੇ। ਡਾ. ਮਦਨਜੀਤ ਕੌਰ ਵੀ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਭਾਈ ਕਾਨ੍ਹ ਸਿੰਘ ਨਾਭਾ, ਐਮ.ਏ. ਮੈਕਾਲਿਫ, ਗੰਡਾ ਸਿੰਘ ਅਤੇ ਤੇਜਾ ਸਿੰਘ ਆਦਿ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਹਨ। ਉਨ੍ਹਾਂ ਅਨੁਸਾਰ ਸਾਈਂ ਮੀਆਂ ਮੀਰ ਜੀ ਦੇ ਹੱਥੀਂ ਨੀਂਹ ਪੱਥਰ ਰਖਵਾਉਣ ਦਾ ਸਭ ਤੋਂ ਪਹਿਲਾ ਲਿਖਤੀ ਹਵਾਲਾ, “The Punjab Notes and Queries” ਵਿੱਚ ਮਿਲਦਾ ਹੈ, ਜਿਸ ਵਿੱਚ ਇਹ ਐਂਟਰੀ E. Nicholl, (Secretary Municipal Committee, Amritsar) ਨੇ ਬਿਨਾ ਕਿਸੇ ਸਬੂਤ ਦੇ ਪਾ ਦਿੱਤੀ ਸੀ। ਇਸ ਨੂੰ ਬਾਅਦ ਵਾਲ਼ੀਆਂ ਸਿੱਖ ਰਵਾਇਤਾਂ ਨੇ ਜਿਉਂ ਦਾ ਤਿਉਂ ਹੀ ਕਬੂਲ ਕਰ ਲਿਆ ਸੀ, ਜਦਕਿ ਮੁੱਢਲੇ ਜ਼ਮਾਨੇ ਦੀਆਂ ਸਿੱਖ ਰਵਾਇਤਾਂ ਵਿੱਚ ਇਸ ਦਾ ਕੋਈ ਹਵਾਲਾ ਨਹੀਂ ਮਿਲਦਾ।

ਖ਼ਾਲਸਾ ਰਾਜ, ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬ ਦਾ ਇਤਿਹਾਸ ਬਾਰੇ 1885 ਈ. ਵਿੱਚ ਛਪੀ ਮਸ਼ਹੂਰ ਕਿਤਾਬ ‘ਉਮਦਾਤੁੱਤਵਾਰੀਖ’ ਵਿੱਚ ਹਰਿਮੰਦਰ ਸਾਹਿਬ ਦੇ ਨੀਂਹ ਰੱਖਣ ਬਾਰੇ ਵਿਸਤਾਰਪੂਰਵਕ ਚਾਨਣਾ ਪਾਇਆ ਗਿਆ ਹੈ। ਲੇਖਕ ਅਨੁਸਾਰ ਗੁਰੂ ਸਾਹਿਬ ਖ਼ੁਦ ਮੀਆਂ ਜੀ ਨੂੰ ਲੈਣ ਲਾਹੌਰ ਗਏ ਅਤੇ ਉਨ੍ਹਾਂ ਦੇ ਮੁਬਾਰਕ ਹੱਥਾਂ ਨਾਲ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ ਗਈ ਸੀ। ਇਸ ਤੋਂ ਇਲਾਵਾ ਅੰਮ੍ਰਿਤਸਰ ਦਾ ਡਿਸਟ੍ਰਿਕਟ ਗਜ਼ਟੀਅਰ ਵੀ ਇਸ ਦੀ ਤਸਦੀਕ ਕਰਦਾ ਹੈ ਕਿ ਨੀਂਹ ਸਾਈਂ ਜੀ ਨੇ ਹੀ ਰੱਖੀ।

ਭਾਈ ਸਾਲੋ ਦੇ ਆਵੇ ਦੀਆਂ ਇੱਟਾਂ ਨਾਲ ਨੀਂਹ ਰੱਖੀ ਸੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਆਰੇ ਮਿੱਤਰ ਸਾਂਈ ਮੀਆਂ ਜੀ ਪਾਸੋਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਵਾ ਕੇ ਸਾਰੇ ਧਰਮਾਂ ਦੇ ਇੱਕ ਹੋਣ ਦਾ ਪ੍ਰਮਾਣ ਦਿੱਤਾ।

ਜਿਸ ਕਿਸਮ ਦੇ ਸਬੰਧ ਸਾਈਂ ਮੀਆਂ ਮੀਰ ਅਤੇ ਗੁਰੂ ਅਰਜਨ ਦੇਵ ਜੀ ਵਿੱਚ ਸਨ, ਉਨ੍ਹਾਂ ਤੋਂ ਇਹੀ ਜਾਪਦਾ ਹੈ ਕਿ ਉਹ ਇਸ ਪ੍ਰਕਾਰ ਦੇ ਇਤਿਹਾਸਕ ਭਵਨ ਦਾ ਨਿਰਮਾਣ ਕਰਨ ਜਾ ਰਹੇ ਸਨ ਤਾਂ ਉਨ੍ਹਾਂ ਨੇ ਆਪਣੇ ਦੋਸਤਾਂ-ਮਿੱਤਰਾਂ ਨੂੰ ਜ਼ਰੂਰ ਬੁਲਾਇਆ ਹੋਵੇਗਾ। ਉਹ ਸਾਈਂ ਜੀ ਨੂੰ ਕਿਵੇਂ ਛੱਡ ਸਕਦੇ ਹਨ! ਅਸੀਂ ਆਧੁਨਿਕ ਅਤੇ ਵਿਗਿਆਨਕਤਾ ਦੇ ਦਾਅਵੇਦਾਰ ਹੋਣ ਦੇ ਬਾਵਜੂਦ ਧਰਮ ਅਤੇ ਸੰਪ੍ਰਦਾਇ ਦੇ ਮਾਮਲੇ ਵਿੱਚ ਇੰਨੇ ਖੁੱਲ੍ਹਦਿਲੇ ਨਹੀਂ, ਜਿੰਨੇ ਮੱਧ ਕਾਲ ਦੇ ਸੂਫ਼ੀ ਅਤੇ ਸੰਤ ਸਨ।

ਸਿੱਖ ਰਵਾਇਤਾਂ ਵਿੱਚ ਸਾਈਂ ਜੀ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਨਾਲ ਇੱਕ ਸੱਚੇ ਦੋਸਤ ਵਜੋਂ ਉਦੋਂ ਵੀ ਆਉਂਦਾ ਹੈ, ਜਦੋਂ ਸਮਕਾਲੀ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਤਕਲੀਫਾਂ ਦਿੱਤੀਆਂ ਗਈਆਂ ਅਤੇ ਸ਼ਹੀਦ ਕੀਤਾ ਗਿਆ। ਇਨ੍ਹਾਂ ਘਟਨਾਵਾਂ ਦਾ ਸਿੱਖੀ ਇਤਿਹਾਸ ਉੱਤੇ ਡੂੰਘਾ ਪ੍ਰਭਾਵ ਪਿਆ ਹੈ। ਰਵਾਇਤੀ ਤੌਰ ’ਤੇ ਇਹ ਘਟਨਾਕ੍ਰਮ ਗੁਰੂ ਗੱਦੀ ਦੇ ਸਬੰਧ ਵਿੱਚ ਉਭਰੇ ਆਪਸੀ ਮਤਭੇਦਾਂ ਤੋਂ ਸ਼ੁਰੂ ਹੁੰਦਾ ਹੈ। ਮਗਰੋਂ ਇਸ ਦੇ ਨਾਲ ਦੀਵਾਨ ਚੰਦੂ ਸ਼ਾਹ ਦੀ ਬੇਟੀ ਦੇ ਰਿਸ਼ਤੇ ਦਾ ਪ੍ਰਕਰਣ ਵੀ ਜੁੜ ਜਾਂਦਾ ਹੈ, ਜਿਸ ਨੂੰ ਗੁਰੂ ਸਾਹਿਬ ਨੇ ਆਪਣੇ ਬੇਟੇ ਲਈ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਗੱਲਾਂ ਵੀ ਬਿਆਨ ਕੀਤੀਆਂ ਜਾਂਦੀਆਂ ਹਨ, ਜਿਵੇਂ ਲਾਹੌਰ ਦੇ ਉਨ੍ਹਾਂ ਭਗਤਾਂ ਦੀ ਨਾਰਾਜ਼ਗੀ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਨਹੀਂ ਕੀਤੀ ਗਈ। ਉਕਤ ਵੇਰਵੇ ਗੁਰੂ ਪ੍ਰਤਾਪ ‘ਸੂਰਜ ਗ੍ਰੰਥ’, ਤਵਾਰੀਖ਼ ਗੁਰੂ ਖ਼ਾਲਸਾ, ਮਹਿਮਾ ਪ੍ਰਕਾਸ਼ ਅਤੇ ‘ਗੁਰੂ ਬਿਲਾਸ’ ਪਾਤਸ਼ਾਹੀ ਛੇਵੀਂ ਵਿੱਚ ਨਜ਼ਰ ਆਉਂਦੇ ਹਨ, ਜਿਨ੍ਹਾਂ ਦੀ ਤਸਦੀਕ ਭਾਈ ਕਾਨ੍ਹ ਸਿੰਘ ਨਾਭਾ ਵੀ ਕਰਦੇ ਹਨ। ਆਮ ਤੌਰ ’ਤੇ ਇਸ ਸਾਕੇ ਦੇ ਸਬੰਧ ਵਿੱਚ ਜਹਾਂਗੀਰ ਦੀ ਲਿਖਤ ਨੂੰ ਸਭ ਤੋਂ ਵੱਡੇ ਸਬੂਤ ਵਜੋਂ ਪੇਸ਼ ਕੀਤਾ ਜਾਂਦਾ ਹੈ, ਜੋ ਕੁਝ ਇਸ ਤਰ੍ਹਾਂ ਹੈ, “ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਵਿੱਚ ਇੱਕ ਹਿੰਦੂ ਅਰਜਨ ਪੀਰ ਦੇ ਲਿਬਾਸ ਵਿੱਚ ਰਹਿੰਦਾ ਹੈ, ਜਿਸ ਨੇ ਬਹੁਤ ਸਾਰੇ ਸਾਧਾਰਣ ਹਿੰਦੂਆਂ ਅਤੇ ਨਾਸਮਝ ਮੁਸਲਮਾਨਾਂ ਨੂੰ ਮੁਰੀਦ ਬਣਾ ਰੱਖਿਆ ਹੈ। ਇਹ ਦੁਕਾਨ ਤਿੰਨ-ਚਾਰ ਪੁਸ਼ਤਾਂ ਤੋਂ ਚਲੀ ਆ ਰਹੀ ਹੈ। ਮੈਂ ਕਾਫ਼ੀ ਸਮੇਂ ਤੋਂ ਸੋਚ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਉਸ ਨੂੰ ਇਸਲਾਮ ਦੇ ਦਾਇਰੇ ਵਿੱਚ ਲਿਆਇਆ ਜਾਵੇ। ਇਨ੍ਹੀਂ ਦਿਨੀਂ ਉਸ ਨੇ ਖੁਸਰੋ ਦੀ ਮਦਦ ਕੀਤੀ ਅਤੇ ਉਸ ਨੂੰ ਤਿਲਕ ਲਾ ਕੇ ਅਸੀਸਾਂ ਦਿੱਤੀਆਂ। ਜਦ ਇਹ ਮੁਕੱਦਮਾ ਮੇਰੇ ਸਾਹਮਣੇ ਪੇਸ਼ ਹੋਇਆ ਤਾਂ ਉਸ ਦੀ ਅਸਲੀਅਤ ਸੰਪੂਰਨ ਤੌਰ ’ਤੇ ਮੇਰੇ ਸਾਹਮਣੇ ਖੁੱਲ੍ਹ ਗਈ ਤਾਂ ਮੈਂ ਉਸ ਨੂੰ ਸਿਆਸਤ ਅਤੇ ਯਾਸਾ ਤਹਿਤ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ।”

ਜ਼ਾਹਿਰ ਹੈ ਕਿ ਸਮਕਾਲੀ ਸ਼ਾਸਕਾਂ ਦੀਆਂ ਨਜ਼ਰਾਂ ਵਿੱਚ ਉਹ ਪਹਿਲਾਂ ਹੀ ਸ਼ੱਕ ਦੇ ਘੇਰੇ ਵਿੱਚ ਸਨ। ਇਸ ਖ਼ਿਆਲ ਦੇ ਸਬੰਧ ਵਿੱਚ ਇੰਦੂ ਭੂਸ਼ਨ ਬੈਨਰਜੀ, ਮੈਕਾਲਿਫ, ਕੰਨਿਘਮ, ਈਸ਼ਵਰੀ ਪ੍ਰਸਾਦ, ਤੇਜਾ ਸਿੰਘ ਅਤੇ ਗੰਡਾ ਸਿੰਘ ਜਿਹੇ ਵਿਦਵਾਨ ਇਤਿਹਾਸਕਾਰ ਇੱਕ ਮੱਤ ਨਜ਼ਰ ਆਉਂਦੇ ਹਨ। ਉਪਰੋਕਤ ਵਰਣਨ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦੀ ਸ਼ਹਾਦਤ ਦਾ ਕੋਈ ਇੱਕ ਕਾਰਨ ਨਹੀਂ, ਸਗੋਂ ਬਹੁਤ ਸਾਰੇ ਸਿਆਸੀ, ਸਮਾਜੀ ਅਤੇ ਧਾਰਮਿਕ ਕਾਰਨ ਉਨ੍ਹਾਂ ਦੇ ਖ਼ਿਲਾਫ਼ ਕੰਮ ਕਰ ਰਹੇ ਸਨ। ਜਿਨ੍ਹਾਂ ਨੇ ਬਾਦਸ਼ਾਹ ਨੂੰ ਇਸ ਤਰ੍ਹਾਂ ਦਾ ਹੁਕਮ ਦੇਣ ਲਈ ਪ੍ਰੇਰਿਤ ਕੀਤਾ। ਇਨ੍ਹਾਂ ਦੀ ਇੱਕ ਝਲਕ ਸ਼ੇਖ਼ ਅਹਿਮਦ ਸਰਹਿੰਦੀ ਦੇ ‘ਮਕਤੂਬਾਤ’ ਵਿੱਚੋਂ ਨਜ਼ਰ ਆਉਂਦੀ ਹੈ।

ਕਿਸੇ ਧਾਰਮਿਕ ਵਿਦਵਾਨ ਦੇ ਨਿੱਜੀ ਖ਼ਿਆਲ ਮੁਸਲਮਾਨਾਂ ਵਾਸਤੇ ਕੁਰਆਨ ਅਤੇ ਸੁੰਨਤ ਦੀ ਹੈਸੀਅਤ ਨਹੀਂ ਰੱਖਦੇ। ਉਨ੍ਹਾਂ ਤੋਂ ਬਿਨਾ ਰਾਇ ਹਰ ਸਦੀ ਵਿੱਚ ਜਾਇਜ਼ ਰਹੀ ਹੈ। ਇਹੀ ਕਾਰਨ ਹੈ ਕਿ ਸ਼ੇਖ਼ ਅਹਿਮਦ ਸਰਹਿੰਦੀ ਦੇ ਵਿਚਾਰ ਨਾ ਮੁਗ਼ਲਾਂ ਦੇ ਕਾਨੂੰਨ ਦਾ ਹਿੱਸਾ ਸਨ ਅਤੇ ਨਾ ਮੁਸਲਮਾਨਾਂ ਦੀ ਸ਼ਰੀਅਤ ਦਾ। ਇਸ ਕਰਕੇ ਉਨ੍ਹਾਂ ਦੇ ਵਿਚਾਰਾਂ ਨੂੰ ਬੁਨਿਆਦ ਮੰਨ ਕੇ ਇਸਲਾਮ ਅਤੇ ਮੁਸਲਮਾਨਾਂ ਨੂੰ ਸਿੱਖੀ ਦੇ ਵਿਰੋਧੀ ਹੋਣ ਦਾ ਸਿੱਟਾ ਕੱਢਣਾ ਉਚਿਤ ਨਹੀਂ ਜਾਪਦਾ, ਜਿਵੇਂ ਕਿ ਕੁਝ ਵਿਦਵਾਨਾਂ ਨੇ ਕੱਢਿਆ ਹੈ। ਵੈਸੇ ਵੀ ‘ਮਕਤੂਬਾਤ’ ਦੀ ਇਤਿਹਾਸਕ ਮਹੱਤਤਾ ਅਤੇ ਪ੍ਰਮਾਣਿਕਤਾ ਸਥਾਪਿਤ ਕਰਨ ਲਈ ਵਧੇਰੇ ਖੋਜ ਦੀ ਲੋੜ ਹੈ।

“ਗੋਇੰਦਵਾਲ ਦੇ ਕਾਫ਼ਰ ਦਾ ਮਾਰਿਆ ਜਾਣਾ ਚੰਗਾ ਹੋਇਆ ਹੈ। ਇਸ ਨਾਲ ਹਿੰਦੂਆਂ ਨੂੰ ਇੱਕ ਵੱਡੀ ਸ਼ਿਕਸਤ ਹੋਈ ਹੈ। ਇਸ ਨੂੰ ਚਾਹੇ ਕਿਸੇ ਵੀ ਕਾਰਨ ਤੋਂ ਮਾਰਿਆ ਗਿਆ ਹੋਵੇ, ਇਸ ਨਾਲ ਕਾਫ਼ਰਾਂ ਦੀ ਵੱਡੀ ਹਾਨੀ ਹੋਈ ਹੈ...।”

‘ਮਕਤੂਬਾਤ’ ਦੇ ਅਨੁਵਾਦਕਾਰਾਂ ਨੇ ਗੋਇੰਦਵਾਲ ਦਾ ਅਰਥ ਗੋਬਿੰਦ ਅਤੇ ਉਸ ਦੀ ਔਲਾਦ ਦੇ ਕੀਤੇ ਸਨ, ਜਿਸ ਤੋਂ ਉਨ੍ਹਾਂ ਦੀ ਮੁਰਾਦ ਗੁਰੂ ਗੋਬਿੰਦ ਸਿੰਘ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੈ। (ਮੁਹੰਮਦ ਅਬਦੁਰ ਕਰੀਮ, ‘ਮਕਤੂਬਾਤ-ਏ-ਇਮਾਮ ਰੱਬਾਨੀ’, ਪੰਨਾ 317)

ਪਰ ਜੇ ਅਕਬਰ ਦੇ ਅਖ਼ੀਰਲੇ ਕਾਲ ਤੋਂ ਲੈ ਕੇ ਜਹਾਂਗੀਰ ਦੀ ਤਖ਼ਤ ਨਿਸ਼ਾਨੀ ਤੱਕ ਦੇ ਹਾਲਾਤ ਨੂੰ ਗ਼ੌਰ ਨਾਲ ਵੇਖਿਆ ਜਾਵੇ ਤਾਂ ਅੰਦਾਜ਼ਾ ਹੁੰਦਾ ਹੈ ਕਿ ਉਸ ਵੇਲ਼ੇ ਦਾ ਭਾਰਤੀ ਸਮਾਜ, ਖ਼ਾਸ ਤੌਰ ’ਤੇ ਮੁਸਲਿਮ ਸਮਾਜ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਇੱਕ ਗਰੁੱਪ ਉਨ੍ਹਾਂ ਲੋਕਾਂ ਦਾ ਸੀ, ਜੋ ਅਕਬਰ ਦੀ ਧਾਰਮਿਕ ਨੀਤੀ ਨੂੰ ਹਿੰਦੁਸਤਾਨ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਦੇ ਅਨੁਕੂਲ ਉਚਿਤ ਸਮਝਦਾ ਸੀ; ਦੂਜਾ ਗਰੁੱਪ ਉਨ੍ਹਾਂ ਲੋਕਾਂ ਦਾ ਸੀ, ਜੋ ਧਾਰਮਿਕ ਨੀਤੀ ਨੂੰ ਨਹੀਂ ਸੀ ਮੰਨਦਾ ਅਤੇ ਇਸੇ ਕੋਸ਼ਿਸ਼ ਵਿੱਚ ਸੀ ਕਿ ‘ਅੰਦਾਜ਼-ਏ-ਹਕੂਮਤ’ ਉਨ੍ਹਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਬਦਲਣਾ ਚਾਹੀਦਾ ਹੈ। ਜਦ ਹਕੂਮਤ ਜਹਾਂਗੀਰ ਦੇ ਹੱਥ ਵਿੱਚ ਆਈ ਤਾਂ ਇਨ੍ਹਾਂ ਨੂੰ ਕੁਝ ਸਫ਼ਲਤਾ ਵੀ ਮਿਲੀ। ਜਹਾਂਗੀਰ ਨੇ ਅਕਬਰ ਦੇ ਜ਼ਮਾਨੇ ਦੀਆਂ ਕੁਝ ਦਰਬਾਰੀ ਰਸਮਾਂ ਅਤੇ ਨੀਤੀਆਂ ਵਿੱਚ ਤਬਦੀਲੀ ਵੀ ਕਰ ਦਿੱਤੀ ਸੀ। ਉਸ ਦੌਰਾਨ ਸ਼ਹਿਜ਼ਾਦਾ ਖੁਸਰੋ ਨੇ ਬਗ਼ਾਵਤ ਕਰ ਦਿੱਤੀ। ਅਕਬਰ ਦੀਆਂ ਨੀਤੀਆਂ ਦੇ ਸਮਰਥਕ, ਖੁਸਰੋ ਨੂੰ ਜਹਾਂਗੀਰ ਦੀ ਤੁਲਨਾ ਵਿੱਚ ਪਸੰਦ ਕਰਦੇ ਸਨ। ਸਿੱਟੇ ਵਜੋਂ ਉਨ੍ਹਾਂ ਨੇ ਖੁਸਰੋ ਦੀ ਹਮਾਇਤ ਕੀਤੀ। ਜਦ ਜਹਾਂਗੀਰ ਨੇ ਬਗ਼ਾਵਤ ਦਬਾ ਦਿੱਤੀ ਅਤੇ ਸ਼ਹਿਜ਼ਾਦੇ ਨੂੰ ਗ੍ਰਿਫਤਾਰ ਕਰ ਲਿਆ ਤਾਂ ਉਨ੍ਹਾਂ ਲੋਕਾਂ ਨੂੰ ਸਜ਼ਾ ਦੇਣੀ ਸ਼ੁਰੂ ਕੀਤੀ, ਜਿਨ੍ਹਾਂ ਨੇ ਖੁਸਰੋ ਦੀ ਮਦਦ ਕੀਤੀ ਅਤੇ ਉਸ ਨੂੰ ਬਗ਼ਾਵਤ ਕਰਨ ਲਈ ਉਕਸਾਇਆ। ਹਕੀਕਤ ਜੋ ਵੀ ਹੋਵੇ, ਪਰ ‘ਤੁਜ਼ਕ’ ਦੀ ਲਿਖਤ ਅਨੁਸਾਰ ਇਨ੍ਹਾਂ ਲੋਕਾਂ ਵਿੱਚ ਗੁਰੂ ਸਾਹਿਬ ਦਾ ਨਾਂ ਵੀ ਲਿਆ ਗਿਆ। ਕੁਦਰਤੀ ਤੌਰ ’ਤੇ ਗੁਰੂ ਸਾਹਿਬ ਦੇ ਵਿਰੋਧੀਆਂ ਨੇ ਵੀ ਇਸ ਮੌਕੇ ਦਾ ਪੂਰਾ ਲਾਭ ਉਠਾਇਆ। ਸਿੱਟੇ ਵਜੋਂ ਗੁਰੂ ਸਾਹਿਬ ਦੀ ਸ਼ਹੀਦੀ ਹੋਈ।

ਇਸ ਤੋਂ ਪਹਿਲਾਂ ਵੀ ਅਕਬਰ ਦੇ ਕਾਲ ਵਿੱਚ ਵਿਰੋਧੀਆਂ ਨੇ ਪ੍ਰਸ਼ਾਸਨ ਨੂੰ ਉਨ੍ਹਾਂ ਦੇ ਖ਼ਿਲਾਫ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਵੇਲ਼ੇ ਇਹ ਅਫ਼ਵਾਹ ਫੈਲਾਈ ਗਈ ਕਿ ਉਹ ਇੱਕ ਇਹੋ ਜਿਹੀ ਪੁਸਤਕ ਦੀ ਸੰਪਾਦਨਾ ਕਰ ਰਹੇ ਹਨ, ਜਿਸ ਵਿੱਚ ਦੂਜੇ ਧਰਮਾਂ ਦੀ ਤੌਹੀਨ ਕੀਤੀ ਗਈ ਹੈ। ਅਕਬਰ ਨੇ ਗੁਰੂ ਜੀ ਤੋਂ ਇਸ ਗੱਲ ਬਾਰੇ ਸਪੱਸ਼ਟੀਕਰਨ ਮੰਗਿਆ। ਉਨ੍ਹਾਂ ਨੇ ਆਪਣੀ ਨੁਮਾਇੰਦਗੀ ਲਈ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਕੇ ਭੇਜਿਆ। ਉਨ੍ਹਾਂ ਨੇ ਅਕਬਰ ਦੇ ਸਾਹਮਣੇ ਵੱਖ-ਵੱਖ ਥਾਂਵਾਂ ਤੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ। ਅਕਬਰ ਨੂੰ ਕੋਈ ਇਤਰਾਜ਼ ਦੀ ਗੱਲ ਨਾ ਲੱਭੀ, ਸਗੋਂ ਉਹ ਇੱਕ ਰੱਬ, ਕਿਰਪਾਲੂ ਅਤੇ ਦਇਆਵਾਨ ਦੀ ਉਸਤਤ ਸੁਣ ਕੇ ਪ੍ਰਭਾਵਿਤ ਹੋਇਆ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਲਈ ਸੋਨੇ ਦੀਆਂ ਮੋਹਰਾਂ ਦਿੱਤੀਆਂ ਸਨ। ਗੁਰੂ ਸਾਹਿਬ ਅਤੇ ਆਉਣ ਵਾਲ਼ੇ ਦੋਵਾਂ ਸ਼ਰਧਾਲੂਆਂ ਲਈ ਖ਼ਿਲਅਤਾਂ (Robes of Honour) ਭੇਟ ਕੀਤੀਆਂ। ਬਾਅਦ ਵਿੱਚ ਗੁਰੂ ਜੀ ਨਾਲ ਵੀ ਅਕਬਰ ਦੀ ਮੁਲਾਕਾਤ ਹੋਈ। ਉਨ੍ਹਾਂ ਦੇ ਕਹਿਣ ਮੁਤਾਬਿਕ ਅਕਬਰ ਨੇ 12% ਤੱਕ ਪੰਜਾਬ ਦਾ ਲਗਾਨ ਵੀ ਮੁਆਫ਼ ਕਰ ਦਿੱਤਾ ਸੀ। ਗੁਰੂ ਜੀ ਨੇ ਅਕਬਰ ਨੂੰ ਉਪਦੇਸ਼ ਕਰਦਿਆਂ ਕਿਹਾ, “ਸੱਚਾ ਭਗਤ ਰੱਬ ਦੀ ਮਰਜ਼ੀ ਅਨੁਸਾਰ ਚਲਦਾ ਹੈ।” ਆਪਣੀ ਗੱਲ ਸਮਝਾਉਣ ਲਈ ਉਨ੍ਹਾਂ ਨੇ ਇਸ ਸਲੋਕ ਦਾ ਉਚਾਰਨ ਕੀਤਾ,

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥ 2॥
ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ 1॥ ਰਹਾਉ॥
ਕੋਈ ਨਾਵੈ ਤੀਰਥਿ ਕੋਇ ਹਜ ਜਾਇ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥ 2॥
ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥ 3॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥ 4॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ 5॥ (ਪੰਨਾ 885)

⇒ ਬਾਕੀ ਅਗਲੇ ਅੰਕ ਵਿੱਚ

## ਲਾਇਬ੍ਰੇਰੀਆਂ ਦਾ ਯੋਗਦਾਨ

# ਸੱਭਿਆਚਾਰ ਅਤੇ ਲੋਕ-ਵਿਰਸੇ ਦੀ ਸਾਂਭ-ਸੰਭਾਲ

**ਬਰੈਂਪਟਨ ਵਿੱਚ 'ਸਮਕਾਲੀ ਦੌਰ ਵਿੱਚ ਵਿਸ਼ਵ ਪੰਜਾਬੀ ਸੱਭਿਆਚਾਰ' ਵਿਸ਼ੇ ਉਤੇ ਲੰਘੀ 29 ਤੇ 30 ਜੁਲਾਈ ਨੂੰ ਦੋ ਰੋਜ਼ਾ ਅੱਠਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਹੋਈ। ਇਸ ਮੌਕੇ ਪੰਜ ਸੈਸ਼ਨਾਂ 'ਚ ਵਿਦਵਾਨਾਂ ਨੇ 25 ਪਰਚੇ ਪੜ੍ਹੇ, ਜਿਨ੍ਹਾਂ ਵਿੱਚ ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਪਰਚੇ ਵਿੱਚ 'ਲਾਇਬ੍ਰੇਰੀ ਲਹਿਰ ਦੇ ਪੰਜਾਬੀ ਸੱਭਿਆਚਾਰ ਉੱਤੇ ਪਏ ਪ੍ਰਭਾਵ' ਬਾਰੇ ਗੱਲ ਕੀਤੀ। ਪੇਸ਼ ਹੈ, ਪਾਠਕਾਂ ਲਈ ਇਹ ਜਾਣਕਾਰੀ ਭਰਪੂਰ ਲੇਖ...**



**ਡਾ. ਸੁਖਦੇਵ ਸਿੰਘ ਝੰਡ**
ਫੋਨ: 647-567-9128



ਲਾਇਬ੍ਰੇਰੀਆਂ ਗਿਆਨ ਦਾ ਭੰਡਾਰ ਹਨ, ਜਿੱਥੇ ਵੱਖ-ਵੱਖ ਵਿਸ਼ਿਆਂ ਉੱਪਰ ਪੁਸਤਕਾਂ, ਰਿਸਾਲੇ, ਅਖ਼ਬਾਰਾਂ, ਹੱਥ-ਲਿਖਤ ਖਰੜੇ ਆਦਿ ਵੱਡੀ ਗਿਣਤੀ ਵਿੱਚ ਉਪਲੱਭਧ ਹੁੰਦੇ ਹਨ। ਇਨ੍ਹਾਂ ਸਰੋਤਾਂ ਤੋਂ ਸਾਨੂੰ ਕਈ ਕਿਸਮ ਦੀ ਜਾਣਕਾਰੀ ਮਿਲਦੀ ਹੈ। ਅੱਜ ਕੱਲ੍ਹ ਇਹ ਜਾਣਕਾਰੀ ਡਿਜੀਟਲ ਰੂਪ ਵਿੱਚ ਸੀਡੀਆਂ, ਮਾਈਕ੍ਰੋਫਿਲਮਾਂ, 'ਔਫ-ਲਾਈਨ' ਅਤੇ 'ਔਨ-ਲਾਈਨ' ਕਈ ਰੂਪਾਂ ਵਿੱਚ ਵੀ ਮਿਲਦੀ ਹੈ। ਤੇਜ਼ੀ ਨਾਲ ਆ ਰਹੇ ਬਦਲਾਅ ਕਾਰਨ ਹੁਣ ਲਾਇਬ੍ਰੇਰੀਆਂ ਵਿੱਚ ਪ੍ਰਿੰਟ ਰੂਪ ਵਿੱਚ ਗਿਆਨ-ਸਰੋਤਾਂ ਦੀ ਗਿਣਤੀ ਮੁਕਾਬਲਤਨ ਘੱਟਦੀ ਜਾ ਰਹੀ ਹੈ ਅਤੇ ਡਿਜੀਟਲ ਸਰੋਤ ਵਧੇਰੇ ਭਾਰੂ ਹੋ ਰਹੇ ਹਨ, ਪਰ ਫਿਰ ਵੀ ਲਾਇਬ੍ਰੇਰੀਆਂ ਵਿੱਚ ਉਪਲੱਭਧ 'ਪ੍ਰਿੰਟਿਡ ਸਰੋਤਾਂ' (ਪੁਸਤਕਾਂ, ਰਿਸਾਲਿਆਂ ਆਦਿ) ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਅੱਜ ਵੀ ਬਹੁਤ ਸਾਰੇ ਅਹਿਮ ਹੱਥ-ਲਿਖਤ 'ਗ੍ਰੰਥ' ਅਤੇ 'ਖਰੜੇ' ਕਈ ਲਾਇਬ੍ਰੇਰੀਆਂ ਵਿੱਚ ਮੌਜੂਦ ਹਨ, ਜਿਨ੍ਹਾਂ ਵਿੱਚ ਅਣਮੁੱਲਾ ਅਹਿਮ ਗਿਆਨ ਸਾਂਭਿਆ ਪਿਆ ਹੈ। ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੇ ਨੈਸ਼ਨਲ ਆਰਕਾਈਵਜ਼ ਅਤੇ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਵਿੱਚ ਇਹ ਹੱਥ-ਲਿਖਤ ਗ੍ਰੰਥ ਸੰਭਾਲ ਕੇ ਰੱਖੇ ਗਏ ਹਨ। ਬਹੁਤ ਸਾਰੀਆਂ ਲਾਇਬ੍ਰੇਰੀਆਂ ਨੇ ਤਾਂ ਹੁਣ ਇਨ੍ਹਾਂ ਨੂੰ ਮਾਈਕ੍ਰੋਫਿਲਮਾਂ ਅਤੇ ਸੀਡੀਆਂ ਵਿੱਚ ਡਿਜੀਟਲ ਸਰੂਪ 'ਚ ਵੀ ਸਾਂਭ ਲਿਆ ਹੈ ਤਾਂ ਜੋ ਸਮੇਂ ਦੀ 'ਧੂੜ' ਅਤੇ ਇਸ ਦੀ 'ਟੇਢੀ-ਮੇਢੀ ਚਾਲ' ਦੇ ਨਾਲ ਇਹ ਖਰਾਬ ਨਾ ਹੋ ਜਾਣ ਤੇ ਲੰਮੇ ਸਮੇਂ ਲਈ ਸੁਰੱਖਿਅਤ ਰਹਿ ਸਕਣ।

### ਲਾਇਬ੍ਰੇਰੀਆਂ ਅਤੇ ਸਮਾਜ

ਲਾਇਬ੍ਰੇਰੀਆਂ ਪੁਰਾਤਨ ਸਮੇਂ ਤੋਂ ਗਿਆਨ ਦੇ ਸੰਚਾਰ ਦਾ ਮੁੱਖ ਸਾਧਨ ਰਹੀਆਂ ਹਨ। ਲਾਇਬ੍ਰੇਰੀ ਉਹ ਪਵਿੱਤਰ ਜਗ੍ਹਾ ਹੈ, ਜਿੱਥੇ ਮਨੁੱਖ ਅਤੇ ਸੂਚਨਾ ਦਾ ਆਪਸੀ ਸੰਵਾਦ ਹੁੰਦਾ ਹੈ। ਮਨੁੱਖ ਇੱਥੇ ਗਿਆਨ ਦੀ ਆਪਣੀ ਭੁੱਖ ਨੂੰ ਤ੍ਰਿਪਤ ਕਰਦਾ ਹੈ ਅਤੇ ਆਪਣੇ ਆਲੇ-ਦੁਆਲੇ ਦੇ ਸਮਾਜਿਕ ਤਾਣੇ-ਬਾਣੇ ਨੂੰ ਸਮਝਦਿਆਂ ਸਮਾਜਿਕ ਲੋੜਾਂ ਦੀ ਪੂਰਤੀ ਲਈ ਯਤਨਸ਼ੀਲ ਹੁੰਦਾ ਹੈ। ਲਾਇਬ੍ਰੇਰੀਆਂ 'ਗਿਆਨ ਦਾ ਸਮੁੰਦਰ' ਹਨ, ਜਿੱਥੇ ਪਾਠਕ ਤਾਰੀਆਂ ਲਾਉਂਦੇ ਹਨ ਅਤੇ ਉਨ੍ਹਾਂ ਵਿੱਚੋਂ ਕਈ ਡੂੰਘੀਆਂ ਚੁੱਭੀਆਂ ਮਾਰ ਕੇ ਗਿਆਨ ਦੇ 'ਮੋਤੀ' ਲੱਭ ਲਿਆਉਂਦੇ ਹਨ। ਇਹ ਸਮਾਜ ਦੀ ਸਭਿਆਚਾਰਕ ਵਿਰਾਸਤ ਨੂੰ ਸੰਭਾਲਦੀਆਂ ਹਨ। ਲਾਇਬ੍ਰੇਰੀ ਅਤੇ ਸਮਾਜ ਇੱਕ ਦੂਸਰੇ ਨਾਲ ਗੂੜ੍ਹੀ ਤਰ੍ਹਾਂ ਜੁੜੇ ਹੋਏ ਹਨ। ਇਸ ਲਈ ਵਿਦਵਾਨਾਂ ਵੱਲੋਂ ਲਾਇਬ੍ਰੇਰੀ ਨੂੰ ਪ੍ਰਵਾਨਿਤ 'ਗਿਆਨ ਸੰਚਾਰ ਸਮਾਜਿਕ ਸੰਸਥਾ' ਗਰਦਾਨਿਆ ਗਿਆ ਹੈ। ਲਾਇਬ੍ਰੇਰੀਆਂ ਪੁਸਤਕ ਰੂਪ ਵਿੱਚ ਇਕੱਤਰ ਹੋਏ ਗਿਆਨ ਨੂੰ ਅੱਗੇ ਪਾਠਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ।

### ਪੁਰਾਤਨ ਲਾਇਬ੍ਰੇਰੀਆਂ

ਪੁਰਾਣੇ ਸਮੇਂ ਵਿੱਚ ਲਾਇਬ੍ਰੇਰੀਆਂ ਪੁਸਤਕਾਂ ਅਤੇ ਹੋਰ ਪੜ੍ਹਨਯੋਗ ਸਮੱਗਰੀ ਦਾ 'ਸਟੋਰ-ਹਾਊਸ' (ਗੁਦਾਮ) ਹੁੰਦੀਆਂ ਸਨ ਅਤੇ ਲਾਇਬ੍ਰੇਰੀਅਨ ਇਨ੍ਹਾਂ ਦੇ 'ਰਖਵਾਲੇ' ਹੁੰਦੇ ਸਨ। ਉਦੋਂ ਇਹ ਆਮ ਤੌਰ 'ਤੇ ਰਾਜਿਆਂ-ਮਹਾਰਾਜਿਆਂ ਅਤੇ ਵੱਡੇ-ਵੱਡੇ ਅਮੀਰ ਲੋਕਾਂ ਦੀ ਨਿੱਜੀ ਜਾਇਦਾਦ ਹੁੰਦੀਆਂ ਸਨ। ਆਮ ਲੋਕਾਂ ਦੀ ਇਨ੍ਹਾਂ ਤੱਕ ਕੋਈ ਪਹੁੰਚ ਨਹੀਂ ਸੀ। ਮੁਗਲ ਬਾਦਸ਼ਾਹ ਬਾਬਰ ਨੇ ਆਪਣੇ ਕਿਲ੍ਹੇ ਵਿੱਚ 'ਇੰਪੀਰੀਅਲ ਲਾਇਬ੍ਰੇਰੀ ਬਣਵਾਈ, ਜਿਸ ਵਿੱਚ ਉਸ ਨੇ ਆਪਣੇ ਬਾਪ-ਦਾਦਿਆਂ ਕੋਲੋਂ ਵਿਰਾਸਤ ਵਿੱਚ ਮਿਲੇ ਹੱਥ-ਲਿਖਤ ਖਰੜੇ ਸੁਰੱਖਿਅਤ ਰਖਵਾਏ। ਬਾਬਰ ਖੁਦ ਵੀ 'ਕੈਲੀਗਰਾਫੀ' (ਖੁਸ਼ਖ਼ਤ) ਦਾ ਮਾਹਿਰ ਸੀ ਅਤੇ ਉਹਦੇ ਵਾਂਗ ਉਸ ਦਾ ਪੁੱਤਰ ਹਿਮਾਯੂੰ ਵੀ ਕਿਤਾਬਾਂ ਦਾ ਸ਼ੌਕੀਨ ਸੀ। ਉਸ ਦੇ ਰਾਜ ਵੇਲੇ ਆਗਰਾ ਵਿਖੇ ਇੰਪੀਰੀਅਲ ਲਾਇਬ੍ਰੇਰੀ ਨੇ ਇਸ ਦੇ ਲਾਇਬ੍ਰੇਰੀਅਨ ਲਾਲ ਬੇਗ਼ ਦੀ ਨਿਗਰਾਨੀ ਵਿੱਚ ਕਾਫੀ ਤਰੱਕੀ ਕੀਤੀ। ਅਬਦੁਲ ਰਹੀਮ ਗਾਜ਼ੀ ਖ਼ਾਨ-ਖਾਨਾ ਦੀ ਆਪਣੀ ਨਿੱਜੀ ਲਾਇਬ੍ਰੇਰੀ ਸੀ, ਜਿੱਥੇ 95 ਮੈਂਬਰਾਂ ਦਾ ਪੱਕਾ ਸਟਾਫ ਇਸ ਦੇ ਕੁਸ਼ਲ ਪ੍ਰਬੰਧ ਵਿੱਚ ਜੁਟਿਆ ਰਹਿੰਦਾ ਸੀ। ਲਾਇਬ੍ਰੇਰੀ ਦੇ ਪ੍ਰਬੰਧ ਦੀ ਸਮੁੱਚੀ ਜ਼ਿੰਮੇਵਾਰੀ ਸੰਭਾਲਣ ਵਾਲੇ ਲਾਇਬ੍ਰੇਰੀਅਨ ਨੂੰ ਉਸ ਸਮੇਂ 'ਕਿਤਾਬਦਾਰ' ਜਾਂ 'ਮੁਸਹਫ ਬਰਦਾਰ' ਕਿਹਾ ਜਾਂਦਾ ਸੀ।

ਇਸ ਤੋਂ ਬਹੁਤ ਪਿੱਛੇ ਜੇ ਈਸਵੀ ਪੂਰਵ ਵੱਲ ਨਜ਼ਰ ਦੌੜਾਈ ਜਾਏ ਤਾਂ ਤੀਸਰੀ ਬੀ.ਸੀ. ਵਿੱਚ ਮਿਸਰ ਦੀ 'ਅਲੈਗਜ਼ੈਂਡਰੀਆ ਲਾਇਬ੍ਰੇਰੀ' ਦੁਨੀਆਂ ਦੀ ਸਭ ਤੋਂ ਪੁਰਾਣੀ, ਵੱਡੀ ਅਤੇ ਮਹਾਨ ਲਾਇਬ੍ਰੇਰੀ ਮੌਜੂਦ ਸੀ। ਉਦੋਂ ਜਦੋਂ ਕਾਗਜ਼ ਅਜੋਕੇ ਰੂਪ ਵਿੱਚ ਨਹੀਂ ਆਇਆ ਸੀ ਤਾਂ ਇਸ ਵਿੱਚ ਪੜ੍ਹਨ ਸਮੱਗਰੀ 'ਪੇਪੀਰਸ ਰੋਲ' ਦੇ ਰੂਪ ਵਿੱਚ ਸੀ, ਜਿਨ੍ਹਾਂ ਦੀ ਗਿਣਤੀ ਚਾਲੀ ਹਜ਼ਾਰ ਤੋਂ ਚਾਲੀ ਲੱਖ ਦੇ ਵਿਚਕਾਰ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ 'ਮਿੱਟੀ ਦੀਆਂ ਠੀਕਰੀਆਂ' (Clay Tablets) ਉੱਪਰ ਲਿਖੀਆਂ ਹੋਈਆਂ ਲਿਖਤਾਂ ਵੀ ਇਸ ਲਾਇਬ੍ਰੇਰੀ ਵਿੱਚ ਮੌਜੂਦ ਸਨ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਕਾਗਜ਼ ਦੀ ਕਾਢ ਉਸ ਤੋਂ ਬਹੁਤ ਬਾਅਦ 105 ਈਸਵੀ ਵਿੱਚ ਹੋਈ ਅਤੇ ਇਸ ਤੋਂ ਪਹਿਲਾਂ ਵਿਦਵਾਨਾਂ ਦੁਆਰਾ ਲਿਖਤਾਂ ਉਸ ਸਮੇਂ 'ਪੇਪੀਰਸ' ਰੁੱਖ ਦੀ ਛਿੱਲ ਉੱਪਰ ਹੀ ਕੀਤੀਆਂ ਜਾਂਦੀਆਂ ਸਨ।

ਅਲੈਗਜ਼ੈਂਡਰੀਆ ਲਾਇਬ੍ਰੇਰੀ ਨੂੰ 'ਗਿਆਨ ਅਤੇ ਸਿੱਖਣ-ਸਿਖਾਉਣ' ਦੀ ਰਾਜਧਾਨੀ ਮੰਨਿਆ ਗਿਆ ਹੈ। ਤੀਸਰੀ ਅਤੇ ਦੂਸਰੀ ਬੀ.ਸੀ. ਵਿੱਚ ਇੱਥੇ ਕਈ ਵਿਦਵਾਨ ਕੰਮ ਕਰਦੇ ਸਨ, ਜਿਨ੍ਹਾਂ ਨੇ ਮਹਾਨ ਕਵੀ ਹੋਮਰ ਦੀਆਂ ਕਵਿਤਾਵਾਂ ਨੂੰ ਇਕੱਤਰ ਕਰਕੇ ਅਜੋਕੇ ਰੂਪ ਵਿੱਚ ਲਿਆਂਦਾ। ਕੈਲੀਮੈਕਸ ਨੇ ਕਈ 'ਪਿਨਾਕਾ' ਲਿਖੇ, ਜਿਨ੍ਹਾਂ ਨੂੰ ਅਜੋਕੇ 'ਲਾਇਬ੍ਰੇਰੀ ਕੈਟਾਲਾਗ' ਦਾ ਮੁੱਢ ਸਮਝਿਆ ਜਾਂਦਾ ਹੈ। ਬਦਕਿਸਮਤੀ ਨਾਲ 45 ਬੀ.ਸੀ. ਵਿੱਚ ਹੋਈ ਸਿਵਲ ਵਾਰ ਦੌਰਾਨ ਇਹ ਲਾਇਬ੍ਰੇਰੀ ਜੂਲੀਅਸ ਸੀਜ਼ਰ ਅਤੇ ਉਸ ਦੇ ਸਾਥੀਆਂ ਵੱਲੋਂ ਅਗਨ-ਭੇਟ ਕਰ ਦਿੱਤੀ ਗਈ। ਇਸ ਬਾਰੇ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਉਦੋਂ ਇਸ ਲਾਇਬ੍ਰੇਰੀ ਦਾ ਇਸ ਅੱਗ ਵਿੱਚ ਕਿੰਨਾ ਕੁ ਨੁਕਸਾਨ ਹੋਇਆ ਸੀ ਅਤੇ ਕਿੰਨਾ ਹੋਣੋਂ ਬਚ ਗਿਆ ਸੀ। ਅਜੇ ਤੱਕ ਇਹ ਪੱਕਾ ਪਤਾ ਨਹੀਂ ਲੱਗਾ ਕਿ ਇਹ ਲਾਇਬ੍ਰੇਰੀ ਕਿਸ ਹੱਦ ਤੀਕ 'ਮੁੜ-ਸੁਰਜੀਤ' ਹੋ ਸਕੀ ਸੀ। ਇਸ ਤੋਂ ਬਾਅਦ ਚੀਨ, ਬੈਲਜੀਅਮ, ਜਰਮਨੀ, ਆਇਰਲੈਂਡ ਅਤੇ ਭਾਰਤ ਦੇ ਸੂਬਿਆਂ ਤਾਮਿਲ ਨਾਡੂ ਤੇ ਬਿਹਾਰ ਵਿੱਚ ਵੀ ਵੱਖ-ਵੱਖ ਸਮੇਂ ਕਈ ਲਾਇਬ੍ਰੇਰੀਆਂ ਅਗਨ-ਭੇਟ ਕੀਤੀਆਂ ਗਈਆਂ।

### ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ

ਇਹ ਤਾਂ ਬਿਲਕੁਲ ਉਵੇਂ ਹੀ ਜਾਪਦਾ ਹੈ, ਜਿਵੇਂ ਅਜੋਕੇ ਸਮੇਂ ਵਿੱਚ ਜੂਨ 1984 ਵਿੱਚ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ 'ਬਲੂ ਸਟਾਰ ਆਪਰੇਸ਼ਨ' ਦੌਰਾਨ ਭਾਰਤੀ ਫੌਜ ਵੱਲੋਂ 'ਸਿੱਖ ਰੈਫਰੈਂਸ ਲਾਇਬ੍ਰੇਰੀ' ਨੂੰ ਸਾੜ ਦਿੱਤਾ ਗਿਆ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਫ਼ੀ ਸਮੇਂ ਤੋਂ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਸ ਦੀ ਕਾਫੀ ਹੱਦ ਤੀਕ ਭਰਪਾਈ ਹੋ ਗਈ ਹੈ। ਦੂਸਰੇ ਪਾਸੇ ਇਹ ਗੱਲ ਵੀ ਉੱਭਰ ਕੇ ਸਾਹਮਣੇ ਆ ਚੁਕੀ ਹੈ ਕਿ ਇਸ ਲਾਇਬ੍ਰੇਰੀ ਨੂੰ ਅੱਗ ਦੇ ਹਵਾਲੇ ਕਰਨ ਤੋਂ ਪਹਿਲਾਂ ਇਸ ਵਿੱਚੋਂ ਕਈ ਦੁਰਲੱਭ ਹੱਥ-ਲਿਖਤ ਖਰੜੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਹੱਥ-ਲਿਖਤ ਬੀੜਾਂ ਅਤੇ ਹੋਰ ਬੇਸ਼ਕੀਮਤੀ ਪੜ੍ਹਨ ਸਮੱਗਰੀ ਇਸ ਨੂੰ ਅੱਗ ਦੇ ਹਵਾਲੇ ਕਰਨ ਤੋਂ ਪਹਿਲਾਂ ਹੀ ਲਾਇਬ੍ਰੇਰੀ ਵਿੱਚੋਂ ਬਾਹਰ ਕੱਢ ਲਈ ਗਈ ਸੀ, ਜਿਸ ਦੀਆਂ ਲਿਸਟਾਂ ਬਾਅਦ ਵਿੱਚ ਬਾਕਾਇਦਾ ਅੰਮ੍ਰਿਤਸਰ ਦੇ ਯੂਥ ਹੋਸਟਲ ਵਿੱਚ ਜਾ ਕੇ ਬਣਾਈਆਂ ਗਈਆਂ ਸਨ ਅਤੇ ਉਸ ਸਮੁੱਚੀ ਸਮੱਗਰੀ ਨੂੰ ਫੌਜੀ ਟਰੱਕਾਂ ਵਿੱਚ ਦਿੱਲੀ ਭੇਜ ਦਿੱਤਾ ਗਿਆ ਸੀ।




### ਲਾਇਬ੍ਰੇਰੀਆਂ ਅਤੇ ਸੱਭਿਆਚਾਰ

ਸਮਾਜ ਦੀਆਂ ਪੁਰਾਤਨ ਰਹੁ-ਰੀਤਾਂ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਸਾਂਭ-ਸੰਭਾਲ ਵਿੱਚ ਲਾਇਬ੍ਰੇਰੀਆਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਲੋਕਧਾਰਾ ਅਤੇ ਲੋਕ-ਵਿਰਸਾ ਬੇਸ਼ੱਕ ਪੀੜ੍ਹੀਓ-ਪੀੜ੍ਹੀ ਮੌਖਿਕ ਤੌਰ 'ਤੇ ਸਦੀਆਂ ਤੋਂ ਹੀ ਚੱਲੇ ਆ ਰਹੇ ਹਨ, ਪਰ ਇਨ੍ਹਾਂ ਦੀ ਸਹੀ ਅਰਥਾਂ ਵਿੱਚ ਸੰਭਾਲ ਲਾਇਬ੍ਰੇਰੀਆਂ ਵਿੱਚ ਹੀ ਹੁੰਦੀ ਹੈ, ਜਿੱਥੇ ਇਨ੍ਹਾਂ ਬਾਰੇ ਕਈ ਪੁਸਤਕਾਂ ਅਤੇ ਹੱਥ-ਲਿਖਤ ਗ੍ਰੰਥ ਉਪਲੱਭਧ ਹੁੰਦੇ ਹਨ। ਇਨ੍ਹਾਂ ਵਿੱਚ ਪੁਰਾਣੇ ਜ਼ਮਾਨੇ ਦੇ ਲੋਕਾਂ ਦੇ ਰਹਿਣ-ਸਹਿਣ, ਰੀਤੀ-ਰਿਵਾਜ, ਖਾਣ-ਪੀਣ ਦੀਆਂ ਆਦਤਾਂ ਤੇ ਵਸਤਾਂ, ਉਨ੍ਹਾਂ ਦੀਆਂ ਪੁਸ਼ਾਕਾਂ, ਔਰਤਾਂ ਵੱਲੋਂ ਪਹਿਨੇ ਜਾਣ ਵਾਲੇ ਗਹਿਣਿਆਂ, ਖੇਡਾਂ, ਲੋਕ-ਗੀਤਾਂ ਅਤੇ ਮਨੋਰੰਜਨ ਦੇ ਹੋਰ ਸਾਧਨਾਂ ਆਦਿ ਦਾ ਵਿਸਥਾਰ ਮਿਲਦਾ ਹੈ, ਜੋ ਉਸ ਸਮੇਂ ਦੇ ਸਭਿਆਚਾਰ, ਲੋਕਧਾਰਾ ਅਤੇ ਲੋਕ-ਵਿਰਸੇ ਨੂੰ ਭਲੀ-ਭਾਂਤ ਦਰਸਾਉਂਦਾ ਹੈ। ਇਸ ਤੋਂ ਇਲਾਵਾ ਵਰਤਮਾਨ ਸਭਿਆਚਾਰ ਬਾਰੇ ਵੀ ਜਾਣਕਾਰੀ ਬਹੁਤ ਸਾਰੀਆਂ ਪੁਸਤਕਾਂ ਅਤੇ ਰਿਸਾਲਿਆਂ ਵਿੱਚੋਂ ਮਿਲਦੀ ਹੈ, ਜੋ ਵੱਖ-ਵੱਖ ਲਾਇਬ੍ਰੇਰੀਆਂ ਵਿੱਚ ਉਪਲੱਭਧ ਹਨ।

### ਸੱਭਿਆਚਾਰ ਅਤੇ ਲੋਕਧਾਰਾ

ਸਭਿਆਚਾਰ ਸਾਂਝੇ ਲੋਕ-ਸਮੂਹ ਦੇ ਵਿਸ਼ਵਾਸਾਂ, ਕਦਰਾਂ-ਕੀਮਤਾਂ ਅਤੇ ਰਹਿਣ-ਸਹਿਣ, ਰੀਤੀ-ਰਿਵਾਜਾਂ ਅਤੇ ਨਿੱਤ ਵਰਤੋਂ ਦੀਆਂ ਚੀਜ਼ਾਂ-ਵਸਤਾਂ ਦੇ ਇਕੱਠ ਨੂੰ ਦਰਸਾਉਂਦਾ ਹੈ। ਇਹ ਪੀੜ੍ਹੀਓ-ਪੀੜ੍ਹੀ ਇੱਕ ਤੋਂ ਦੂਸਰੀ ਤੱਕ ਅੱਗੇ ਚੱਲਦਾ ਰਹਿੰਦਾ ਹੈ। ਸਮਾਜਿਕ ਰੀਤੀ-ਰਿਵਾਜ ਇਸ ਵਿੱਚ ਆਪਣੀ ਮੁੱਖ ਭੂਮਿਕਾ ਨਿਭਾਉਂਦੇ ਹਨ। ਦੂਸਰੇ ਪਾਸੇ ਲੋਕਧਾਰਾ ਕਿਸੇ ਵਿਸ਼ੇਸ਼ ਲੋਕ-ਸਮੂਹ ਦੇ ਜੀਵਨ ਦੇ ਰਹਿਣ-ਸਹਿਣ ਅਤੇ ਰੀਤੀ-ਰਿਵਾਜਾਂ ਨੂੰ ਪ੍ਰਗਟ ਕਰਦਾ ਹੈ। ਇਸ ਵਿੱਚ ਉਸ ਵਿਸ਼ੇਸ਼ ਗਰੁੱਪ ਦੀਆਂ ਬਾਤਾਂ, ਕਹਾਣੀਆਂ, ਲੋਕ-ਗੀਤ, ਅਖਾਣ, ਮੁਹਾਵਰੇ ਆਦਿ ਸਭ ਕੁੱਝ ਆ ਜਾਂਦਾ ਹੈ। ਇਹ ਪੁਰਾਤਨ ਸਮੇਂ ਤੋਂ ਮੌਖਿਕ ਰੂਪ ਵਿੱਚ ਪੀੜ੍ਹੀਓ-ਪੀੜ੍ਹੀ ਚੱਲਦਾ ਰਿਹਾ ਹੈ ਅਤੇ ਇਸ ਦਾ ਕੋਈ ਬਹੁਤਾ ਲਿਖਤੀ ਰਿਕਾਰਡ ਨਹੀਂ ਮਿਲਦਾ। ਲੋਕਧਾਰਾ ਵਿਗਿਆਨੀਆਂ ਨੇ ਕਈ ਅਜਿਹੇ ਲੋਕ-ਸਮੂਹਾਂ ਵਿੱਚ ਜਾ ਕੇ ਉਨ੍ਹਾਂ ਦੇ ਇਨ੍ਹਾਂ ਰੀਤੀ-ਰਿਵਾਜਾਂ ਦਾ ਅਧਿਐਨ ਕੀਤਾ ਹੈ। ਬਾਅਦ ਵਿੱਚ ਉਨ੍ਹਾਂ ਨੇ ਉਸ ਵਿੱਚੋਂ ਕੁਝ ਕੁ ਨੂੰ ਪੁਸਤਕ ਰੂਪ ਦਿੱਤਾ ਅਤੇ ਉਨ੍ਹਾਂ ਦੀਆਂ ਇਹ ਪੁਸਤਕਾਂ ਲਾਇਬ੍ਰੇਰੀਆਂ ਵਿੱਚ ਉਪਲੱਭਧ ਹਨ।

ਇਸ ਸਬੰਧ ਵਿੱਚ ਇੱਥੇ ਇਹ ਉਦਾਹਰਣ ਦੇਣੀ ਉਚਿਤ ਹੋਵੇਗੀ। ਉੱਘੇ ਕਹਾਣੀਕਾਰ ਕ੍ਰਿਪਾਲ ਕਜ਼ਾਕ ਨੇ ਇੱਕ ਸਾਲ ਤੋਂ ਵੱਧ ਸਮਾਂ ਸ਼ਿਕਲੀਗਰ ਕਬੀਲੇ ਦਾ ਅਧਿਐਨ ਕਰਨ ਲਈ ਉਨ੍ਹਾਂ ਦੇ ਪਰਿਵਾਰਾਂ ਨਾਲ ਪੂਰੀ ਤਰ੍ਹਾਂ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ...

ਮਿਸਰ ਦੀ ਅਲੈਗਜ਼ੈਂਡਰੀਆ ਲਾਇਬ੍ਰੇਰੀ ਨੂੰ 'ਗਿਆਨ ਤੇ ਸਿੱਖਣ-ਸਿਖਾਉਣ' ਦੀ ਰਾਜਧਾਨੀ ਮੰਨਿਆ ਗਿਆ ਹੈ

# ਲਾਇਬ੍ਰੇਰੀਆਂ ਦਾ ਯੋਗਦਾਨ

ਘੁਲ਼-ਮਿਲ਼ ਕੇ ਗੁਜ਼ਾਰਿਆ। ਉਹ ਭੇਸ ਵਟਾ ਕੇ ਉਨ੍ਹਾਂ ਵਰਗੀ ਵੇਸ਼-ਭੂਸ਼ਾ ਵਿੱਚ ਜਿੱਥੇ ਵੀ ਉਹ ਜਾਂਦੇ, ਉਨ੍ਹਾਂ ਦੇ ਨਾਲ ਪਿੰਡੋਂ-ਪਿੰਡੀਂ ਫਿਰਦਾ ਰਿਹਾ। ਉਨ੍ਹਾਂ ਦੇ ਨਾਲ ਲੋਹੇ ਦੇ ਬਾਟਿਆਂ ਨੂੰ ਥੱਲੇ ਲਾਉਣ ਅਤੇ ਹੋਰ ਬਰਤਨਾਂ ਦੀ ਮੁਰੰਮਤ ਦੇ ਨਿੱਕੇ-ਮੋਟੇ ਕੰਮ ਵੀ ਕਰਦਾ ਰਿਹਾ ਤੇ ਨਾਲ ਦੀ ਨਾਲ ਉਨ੍ਹਾਂ ਦੀ ਜੀਵਨ-ਸ਼ੈਲੀ ਨੂੰ ਨੇੜਿਉਂ ਗਹੁ ਨਾਲ ਵਾਚਦਾ ਰਿਹਾ। ਉਸ ਦੇ ਇਸ ਖੋਜ-ਕਾਰਜ ਦੇ ਆਧਾਰਿਤ ਪੁਸਤਕ 'ਸ਼ਿਕਲੀਗਰ ਕਬੀਲੇ ਦਾ ਲੋਕਧਾਰਿਕ ਅਧਿਐਨ' ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਾਪੀ ਗਈ, ਜਿਸ ਦੇ ਯੂਨੀਵਰਸਿਟੀ ਵੱਲੋਂ ਕੀਤੇ ਗਏ ਮੁਲੰਕਣ ਤੋਂ ਬਾਅਦ ਕੇਵਲ ਪੰਜਵੀਂ ਪਾਸ ਹੋਣ ਦੇ ਬਾਵਜੂਦ ਉਸ ਨੂੰ ਇਸ ਯੂਨੀਵਰਸਿਟੀ ਵਿੱਚ 'ਖੋਜ ਸਹਾਇਕ' (ਰੀਸਰਚ ਅਸਿਸਟੈਂਟ) ਦੀ ਨੌਕਰੀ ਮਿਲ ਗਈ ਅਤੇ ਇਸ ਪੋਸਟ 'ਤੇ ਕੰਮ ਕਰਦਿਆਂ ਬਾਅਦ ਵਿੱਚ ਉਸ ਨੇ ਲੋਕਧਾਰਾ ਦੇ ਖੇਤਰ ਵਿੱਚ ਹੋਰ ਵੀ ਕਾਫੀ ਸ਼ਲਾਘਾਯੋਗ ਕੰਮ ਕੀਤਾ। ਕਈ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿੱਚ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ 'ਗਾਡੀ ਲੋਹਾਰ ਕਬੀਲੇ ਦਾ ਸੱਭਿਆਚਾਰ', 'ਪੰਜਾਬੀ ਸੱਭਿਆਚਾਰ ਤੇ ਲੋਕ ਪਹਿਰਾਵਾ' ਅਤੇ 'ਲੋਕ ਖੇਡਾਂ ਤੇ ਸੱਭਿਆਚਾਰ' ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ।

## ਲੋਕਧਾਰਾ: ਇਤਿਹਾਸਕ ਪਰਿਪੇਖ

ਗੁਰੂ ਤੇਗ ਬਹਾਦਰ ਕਾਲਜ ਦਿੱਲੀ ਦੇ ਸਾਬਕਾ ਪ੍ਰੋਫੈਸਰ ਅਤੇ ਫੋਕਲੋਰ ਦੇ ਪ੍ਰਸਿੱਧ ਵਿਦਵਾਨ (ਸਵ.) ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਸੱਤਰਵਿਆਂ ਦੇ ਸ਼ੁਰੂ ਵਿੱਚ ਆਪਣੇ ਪੀਐੱਚ.ਡੀ. ਥੀਸਿਜ਼ ਵਿੱਚ ਪਹਿਲੀ ਵਾਰ ਅੰਗਰੇਜ਼ੀ ਸ਼ਬਦ 'ਫੋਕਲੋਰ' ਨੂੰ ਪੰਜਾਬੀ ਵਿੱਚ 'ਲੋਕਧਾਰਾ' ਵਜੋਂ ਸ਼ਾਬਦਿਕ-ਰੂਪ ਦਿੱਤਾ ਅਤੇ ਉਨ੍ਹਾਂ ਦੀਆਂ ਪੁਸਤਕਾਂ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' (1981) ਤੇ 'ਲੋਕਧਾਰਾ ਅਤੇ ਸਾਹਿਤ' (1986) ਇਸ ਸ਼ਬਦ ਨੂੰ ਬਾਖੂਬੀ ਦਰਸਾਉਂਦੀਆਂ ਹੋਈਆਂ ਪ੍ਰਕਾਸ਼ਿਤ ਹੋਈਆਂ।

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਵਾਨ ਡਾ. ਸੰਤੋਖ ਸਿੰਘ 'ਸ਼ਹਰਯਾਰ' ਨੇ 1979 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਪੇਸ਼ ਕੀਤੇ ਗਏ ਆਪਣੇ ਪੀਐੱਚ.ਡੀ. ਥੀਸਿਜ਼ 'ਮਾਲਵੇ ਦੇ ਲੋਕ-ਗੀਤਾਂ ਦਾ ਸਮਾਜ-ਸਭਿਆਚਾਰਕ ਅਧਿਐਨ' ਵਿੱਚ ਸ਼ਬਦ 'ਲੋਕਧਾਰਾ' ਦੀ ਵਰਤੋਂ ਕੀਤੀ। ਇਸੇ ਯੂਨੀਵਰਸਿਟੀ ਦੇ ਵਿਦਵਾਨ ਡਾ. ਗੁਰਮੀਤ ਸਿੰਘ ਜਿਸ ਨੇ 'ਲੋਕ-ਚਿਕਿਤਸਾ: ਜ਼ਿਲਾ ਗੁਰਦਾਸਪੁਰ ਅਤੇ ਅੰਮ੍ਰਿਤਸਰ 'ਤੇ ਆਧਾਰਿਤ' ਵਿਸ਼ੇ ਉੱਪਰ ਖੋਜ ਕਰਕੇ 1982 ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਲ ਕੀਤੀ, ਨੇ ਆਪਣੇ ਇਸ ਥੀਸਿਜ਼ ਵਿੱਚ ਹੋਰ ਵਾਧਾ ਕਰਕੇ ਆਪਣੀ ਪੁਸਤਕ 'ਪੰਜਾਬੀ ਲੋਕਧਾਰਾ ਦੇ ਕੁਝ ਪੱਖ' 1985 ਵਿੱਚ ਛਪਵਾਈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਵਾਨ ਡਾ. ਨਾਹਰ ਸਿੰਘ ਜਿਸ ਨੇ ਫੋਕਲੋਰ ਦੇ ਖੇਤਰ ਵਿੱਚ ਕਾਫੀ ਕੰਮ ਕੀਤਾ ਹੈ, ਨੇ ਵੀ ਇਸ ਲਈ ਸ਼ਬਦ 'ਲੋਕਧਾਰਾ' ਹੀ ਵਰਤਿਆ ਹੈ। ਇਸ ਖੇਤਰ ਵਿੱਚ ਉਨ੍ਹਾਂ ਦੀਆਂ ਪੁਸਤਕਾਂ 'ਲੋਕ-ਕਾਵਿ ਦੀ ਸਿਰਜਣ ਪ੍ਰਕ੍ਰਿਆ' (1983), 'ਮਾਲਵੇ ਦੇ ਟੱਪੇ' (1985), 'ਲੌਂਗ ਬੁਰਜੀਆਂ ਵਾਲਾ' (1986) 'ਕਾਲਿਆਂ ਹਰਨਾਂ ਰੋਹੀਏ ਫਿਰਨਾ' ਅਤੇ 'ਬਾਗੀਂ ਚੰਬਾ ਖਿੜ ਰਿਹਾ' ਬਹੁਤ ਹਰਮਨ-ਪਿਆਰੀਆਂ ਹਨ। ਬਲਬੀਰ ਸਿੰਘ ਪੂਨੀ ਦੀ ਪੁਸਤਕ 'ਪੰਜਾਬੀ ਲੋਕਧਾਰਾ ਤੇ ਸਭਿਆਚਾਰ' (1992) ਵੀ ਇਸ 'ਲੋਕਧਾਰਾ' ਸ਼ਬਦ ਦੀ ਪ੍ਰੋੜ੍ਹਤਾ ਕਰਦੀ ਹੈ।

## 'ਲੋਕਧਾਰਾ' ਅਤੇ 'ਲੋਕਯਾਨ'

ਇਸ ਦੇ ਨਾਲ ਹੀ ਕਈ ਵਿਦਵਾਨਾਂ ਵੱਲੋਂ 'ਲੋਕਧਾਰਾ' ਨੂੰ ਨਵਾਂ ਨਾਂ ਦੇਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਿਦਵਾਨ ਪ੍ਰੋ. ਕਰਨੈਲ ਸਿੰਘ ਥਿੰਦ ਵੱਲੋਂ ਸੱਤਰਵਿਆਂ ਦੇ ਅਖੀਰ ਵਿੱਚ ਆਪਣੇ ਪੀਐੱਚ.ਡੀ. ਥੀਸਿਜ਼ 'ਪੰਜਾਬੀ ਸਾਹਿਤ ਦਾ ਲੋਕਯਾਨਿਕ ਅਧਿਐਨ' ਵਿੱਚ ਫੋਕਲੋਰ ਨੂੰ 'ਲੋਕਯਾਨ' ਦਾ ਨਾਮ ਦਿੱਤਾ ਗਿਆ, ਜਿਸ ਦਾ ਪਿਛੋਕੜ ਹਿੰਦੀ ਭਾਸ਼ਾ ਨਾਲ ਹੋਣ ਕਰਕੇ ਇਹ ਨਾਂ ਪੰਜਾਬੀ ਵਿੱਚ ਵਧੇਰੇ ਪ੍ਰਚੱਲਤ ਨਾ ਹੋ ਸਕਿਆ ਅਤੇ ਸ਼ਬਦ 'ਲੋਕਧਾਰਾ' ਹੀ ਫੋਕਲੋਰ ਦੇ ਪੰਜਾਬੀ ਰੂਪ ਵਿੱਚ ਲੋਕਾਂ ਦੇ ਸਾਹਮਣੇ ਆਇਆ। ਅਲਬੱਤਾ, ਇਕਬਾਲ ਕੌਰ ਸੌਂਦ ਨੇ ਇਸ ਸ਼ਬਦ 'ਲੋਕਯਾਨ' ਆਪਣੀ ਪੁਸਤਕ ਦੇ ਟਾਈਟਲ 'ਪੰਜਾਬੀ ਲੋਕਯਾਨ' (1986) ਲਈ ਵਰਤਿਆ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸ਼ਬਦ 'ਲੋਕਧਾਰਾ' ਦਾ ਮੁੱਢ ਦਿੱਲੀ ਵਾਸੀ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਹੀ ਬੰਨ੍ਹਿਆ ਅਤੇ ਹੋਰ ਕਈ ਵਿਦਵਾਨਾਂ ਨੇ ਹੋਰ ਵਿਸਥਾਰ ਦੇ ਕੇ ਇਸ ਨੂੰ ਅੱਗੇ ਤੋਰਿਆ। ਇਸ ਦੌਰਾਨ ਕਈ ਵਿਦਵਾਨਾਂ ਵੱਲੋਂ ਇਸ ਦਾ ਸਮਾਨੰਤਰ ਸ਼ਬਦ 'ਲੋਕਯਾਨ' ਦੇਣ ਦੀ ਵੀ ਕੋਸ਼ਿਸ਼ ਹੋਈ, ਪਰ ਉਹ ਕੋਸ਼ਿਸ਼ ਸਫਲ ਨਾ ਹੋ ਸਕੀ।

## ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ

ਸੰਸਾਰ ਪ੍ਰਸਿੱਧ 'ਵਿਕੀਪੀਡੀਆ' ਨੇ ਪੰਜਾਬੀ ਲੋਕਧਾਰਾ ਦੇ ਖੇਤਰ ਬਾਰੇ ਵਿਸਥਾਰ ਵਿੱਚ ਜਾਂਦਿਆਂ ਇਸ ਵਿੱਚ ਨਾਗ ਦੇਵਤਾ, ਗੁੱਗਾ ਪੀਰ, ਸਖੀ ਸਰਵਰ, ਰਾਜਾ ਰਸਾਲੂ, ਰਾਜਾ ਗੋਪੀ ਚੰਦ, ਰਾਜਾ ਚੰਦਰਭਾਨ ਤੇ ਰਾਣੀ ਚੰਦ ਕਰਨ, ਸਰਮੌਰ ਦਾ ਰਾਜਾ ਮਾਹੀ ਪ੍ਰਕਾਸ਼, ਨੂਰਪੁਰ ਦਾ ਰਾਜਾ ਜਗਤ ਸਿੰਘ, ਕਾਂਗੜੇ ਦਾ ਰਾਜਾ ਸੰਸਾਰ ਚੰਦ, ਸਰਮੌਰ ਦਾ ਰਾਜਾ ਫਤਿਹ ਪ੍ਰਕਾਸ਼, ਰਾਜਾ ਢੋਲ, ਰਾਜਾ ਨਲ, ਭਗਤ ਧੰਨਾ ਜੱਟ, ਪੂਰਨ ਭਗਤ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਸ਼ੀਰੀਂ ਫਰਿਹਾਦ, ਸੁੱਚਾ ਸਿੰਘ ਸੂਰਮਾ, ਜਿਊਣਾ ਮੌੜ, ਲੂਣਾ, ਢੋਲ-ਸੰਮੀ, ਯੂਸਫ-ਜ਼ੁਲੈਖਾਂ, ਦੁੱਲਾ-ਭੱਟੀ, ਕੇਹਰ ਸਿੰਘ/ਰਾਮ ਕੌਰ, ਸ਼ਾਮ ਕੌਰ/ਸ਼ਾਮ ਸਿੰਘ/ਸ਼ਾਮ ਲਾਲ, ਮੰਨੂੰ ਗੁੱਗੂ, ਉਸਤਾਦ ਹਰਮਨ ਆਦਿ ਨਾਲ ਜੁੜੀਆਂ ਲੋਕ-ਗਾਥਾਵਾਂ ਅਤੇ ਈਸਾ ਬਾਣੀਆ ਤੇ ਈਸਾ ਬਾਪਰੀ ਆਦਿ ਕਿੱਸਾ-ਕਾਵਿ ਵਗੈਰਾ ਨੂੰ ਲੋਕਧਾਰਾ ਦੇ ਖੇਤਰ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਆਮ ਲੋਕਾਂ ਦੇ ਰਹਿਣ-ਬਹਿਣ, ਬੋਲੀ, ਸਭਿਆਚਾਰ, ਪਹਿਰਾਵਾ, ਗਹਿਣੇ-ਗੱਟੇ, ਰਸਮੋ-ਰਿਵਾਜ, ਅਖਾਣ, ਮੁਹਾਵਰੇ, ਟੱਪੇ, ਬੋਲੀਆਂ, ਘੋੜੀਆਂ, ਸੁਹਾਗ, ਲੋਕ-ਗੀਤ, ਲੋਕ-ਸੰਗੀਤ, ਲੋਕ-ਕਹਾਣੀਆਂ, ਲੋਕ-ਸਾਜ਼, ਕਿੱਸਾ-ਕਾਵਿ, ਲੰਮੀਆਂ ਬਾਤਾਂ, ਬੁਝਾਰਤਾਂ, ਗਾਲ੍ਹਾਂ, ਦੇਸੀ ਦਵਾ-ਦਾਰੂ, ਟੋਟਕਿਆਂ, ਵਹਿਮਾਂ-ਭਰਮਾਂ, ਝਾੜ-ਫੂਕ ਅਤੇ ਫਾਂਡਿਆਂ ਵਗੈਰਾ ਤੋਂ ਵੀ ਅਗਾਂਹ ਦੀ ਗੱਲ ਹੈ।

## ਪੰਜਾਬੀ ਸਭਿਆਚਾਰ ਦੀ ਖ਼ੂਬਸੂਰਤ ਤਸਵੀਰ 'ਮੇਰਾ ਪਿੰਡ'

ਰਸੂਲ ਹਮਜ਼ਾਤੋਵ ਦੇ ਸ਼ਾਹਕਾਰ 'ਮੇਰਾ ਦਾਗ਼ਿਸਤਾਨ' ਨੂੰ ਰੂਸੀ ਖਿੱਤੇ ਦਾਗ਼ਿਸਤਾਨ ਦੇ ਸਭਿਆਚਾਰ ਅਤੇ ਉਸ ਦੀ ਲੋਕਧਾਰਾ ਨੂੰ ਸਮਝਣ ਲਈ ਵਧੀਆ ਸਰੋਤ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਜਿਸ ਨੂੰ ਵਿਦਵਾਨਾਂ ਵੱਲੋਂ 'ਪੰਜਾਬੀ ਜਨ-ਜੀਵਨ ਦਾ ਇਨਸਾਈਕਲੋਪੀਡੀਆ' ਵੀ ਕਰਾਰ ਦਿੱਤਾ ਗਿਆ ਹੈ, ਸਦੀਆਂ ਤੋਂ ਚੱਲੇ ਆ ਰਹੇ ਪੁਰਾਣੇ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰਦਾ ਹੈ। ਇਹ ਪੁਸਤਕ ਪਹਿਲੀ ਵਾਰ 1961 ਵਿੱਚ ਛਪੀ ਅਤੇ ਇਸ ਦਾ ਬਾਰ੍ਹਵਾਂ ਸੰਸਕਰਣ 2014 ਵਿੱਚ ਆਇਆ। ਇਸ ਵਿੱਚ ਗਿਆਨੀ ਜੀ ਨੇ ਬੱਚੇ ਦੇ ਜਨਮ ਸਮੇਂ ਉਸ ਨੂੰ 'ਗੁੜ੍ਹਤੀ ਦੇਣ' ਦੀ ਰਸਮ ਤੋਂ ਸ਼ੁਰੂ ਹੋ ਕੇ, ਮੁੰਡੇ ਦੀ ਛਟੀ, ਵਿਆਹ ਸਮੇਂ ਬਜ਼ੁਰਗ ਤੇ ਜਵਾਨ ਔਰਤਾਂ ਅਤੇ ਕੁੜੀਆਂ-ਚਿੜੀਆਂ ਵੱਲੋਂ ਗਾਈਆਂ ਜਾਣ ਵਾਲੀਆਂ ਘੋੜੀਆਂ ਤੇ ਸੁਹਾਗ ਗੀਤ, ਢੋਲਕ ਗੀਤ, ਜਾਗੋ, ਨਾਨਕੀ-ਛੱਕ ਦਾ ਗਿੱਧਾ, ਮਰਨੇ-ਪਰਨੇ ਦੀਆਂ ਰਸਮਾਂ ਅਤੇ ਅਜਿਹੇ ਮੌਕਿਆਂ 'ਤੇ 'ਨੈਣ' ਦੇ ਭਰਪੂਰ 'ਸਹਿਯੋਗ' ਨਾਲ ਕੀਤੇ ਜਾਣ ਵਾਲੇ 'ਸਿਆਪੇ' ਤੱਕ ਦੀਆਂ ਰਸਮਾਂ ਬਾਰੇ ਵੱਡਮੁੱਲੀ ਜਾਣਕਾਰੀ ਦੇ ਕੇ ਪੰਜਾਬੀ ਜਨ-ਜੀਵਨ ਦੀ ਸ਼ਾਨਦਾਰ ਬਾਖ਼ੂਬੀ ਤਸਵੀਰ ਪੇਸ਼ ਕੀਤੀ ਹੈ।

ਇਸ ਦੇ ਨਾਲ ਹੀ ਗਿਆਨੀ ਜੀ ਨੇ ਪੇਂਡੂ ਲੋਕਾਂ ਵੱਲੋਂ ਵੱਖ-ਵੱਖ ਇਸ਼ਟਾਂ ਨੂੰ ਮੰਨਣ, ਉਨ੍ਹਾਂ ਦੀ ਸਾਧਾਂ-ਸੰਤਾਂ ਲਈ ਅੰਨ੍ਹੀ ਸ਼ਰਧਾ, ਸਿਆਲਾਂ ਦੀਆਂ 'ਧੂਣੀਆਂ' ਦੇ ਆਲੇ-ਦੁਆਲੇ ਬੈਠ ਕੇ ਲੋਕਾਂ ਵੱਲੋਂ ਪਾਈਆਂ ਜਾਣ ਵਾਲੀਆਂ ਲੰਮੀਆਂ ਬਾਤਾਂ ਅਤੇ ਗਾਲੜੀਆਂ ਵੱਲੋਂ ਸੁਣਾਈਆਂ ਜਾਣ ਵਾਲੀਆਂ ਲੋਕ-ਗਾਥਾਵਾਂ ਤੇ ਗੱਪਾਂ ਦੀ ਵੀ ਬਹੁਤ ਵਧੀਆ ਚਰਚਾ ਕੀਤੀ ਹੈ। ਧੂਣੀਆਂ ਦੁਆਲੇ ਸਜਾਈਆਂ ਜਾਣ ਵਾਲੀਆਂ ਮਹਿਫਿਲਾਂ ਅਤੇ ਗਾਲੜੀਆਂ ਬਾਰੇ ਗੱਲ ਕਰਦਿਆਂ ਉਹ ਕਹਿੰਦੇ ਹਨ, "ਧੂਣੀ ਵਿੱਚ ਅੱਗ ਥੋੜ੍ਹੀ ਹੋਵੇ ਜਾਂ ਵੱਧ, ਇਸ ਦਾ ਕੋਈ ਫਰਕ ਨਹੀਂ ਪੈਂਦਾ। ਧੂਣੀ ਮਘਣ ਦਾ ਅੰਦਾਜ਼ਾ ਉਸ ਦੇ 'ਸੇਕ' (ਗੱਲਾਂ ਦੇ ਸੇਕ) ਤੋਂ ਹੀ ਲਗਾਇਆ ਜਾਂਦਾ ਹੈ, ਸਗੋਂ ਚੰਗੀ ਮਘੀ ਧੂਣੀ ਤਾਂ ਉਸ ਦਿਨ ਸਮਝੀ ਜਾਂਦੀ ਹੈ, ਜਿਸ ਦਿਨ ਗੱਲਾਂ ਦੇ ਗੱਲਾਕੜੀਆਂ ਵੱਲੋਂ ਗੱਪਾਂ ਦੀ ਚੰਗੀ ਆਹੂਤੀ ਪਾਈ ਗਈ ਹੋਵੇ ਜਾਂ ਕਿਸੇ ਵੱਡੇ ਗਾਲ੍ਹੜੀ ਨੇ ਨਵੀਂਆਂ-ਪੁਰਾਣੀਆਂ ਗੱਪਾਂ ਨਾਲ ਧੂਣੀ ਸੇਕਣ ਵਾਲਿਆਂ ਦਾ ਵਧੇਰੇ ਜੀਅ ਖ਼ੁਸ਼ ਕੀਤਾ ਹੋਵੇ।"

ਅਜਿਹੀ ਹੀ ਇੱਕ ਧੂਣੀ ਬਾਰੇ ਉਹ ਲਿਖਦੇ ਹਨ ਕਿ ਇੱਕ ਦਿਨ ਇੱਕ ਗਾਲੜੀ ਵਾਹਵਾ ਈ ਗਈ ਰਾਤ ਤੱਕ ਕਹਾਣੀ ਸੁਣਾਉਂਦਾ ਗਿਆ ਤੇ ਲੋਕ ਸੁਣਦੇ ਰਹੇ। ਸਾਰੀ ਰਾਤ ਲੰਘ ਗਈ, ਪਹਿਰ ਦੇ 'ਤੜਕੇ ਦਾ ਤਾਰਾ' ਚੜ੍ਹਨ 'ਤੇ ਲੋਕਾਂ ਨੇ ਖੂਹ-ਖਾਤੇ ਜੋੜਨੇ ਸ਼ੁਰੂ ਕੀਤੇ। ਧੂਣੀ ਲੱਗੀ ਵੇਖ ਕੇ ਖੂਹ ਜੋੜਣ ਲਈ ਜਾਂਦੇ ਇੱਕ ਕਿਸਾਨ ਨੇ ਉਸ ਦੇ ਦੁਆਲੇ ਬੈਠੇ ਮੁੰਡਿਆਂ ਨੂੰ ਕਿਹਾ, "ਮੁੰਡਿਓ, ਮੈਨੂੰ ਵੀ ਅੱਗ ਦਾ ਮਾੜਾ ਜਿਹਾ ਕਿਣਕਾ ਦੇ ਦਿਓ, ਖੂਹ 'ਤੇ ਜਾ ਕੇ ਧੂਣੀ ਲਾ ਕੇ ਪੈਰ ਨਿੱਘੇ ਕਰ ਲਵਾਂਗਾ।" ਇਹ ਕਹਿੰਦਿਆਂ ਅੱਗ ਦੀ ਭਾਲ ਵਿੱਚ ਜਦੋਂ ਉਸ ਨੇ ਬਲਦ ਹਿੱਕਣ ਵਾਲੀ ਪਰਾਣੀ ਅੱਗ ਦੀ ਭਾਲ ਲਈ ਧੂਣੀ ਵਿੱਚ ਮਾਰੀ ਤਾਂ ਅੱਗੋਂ ਇੱਕ ਕਾਲੀ ਕਤੂਰੀ ਜਿਹੜੀ ਉੱਥੇ ਰਾਤ ਤੋਂ ਧੂਣੀ ਦੀ ਸਵਾਹ ਵਿੱਚ ਗੋਲ-ਗਲੂੰਡੀ ਮਾਰੀ ਬੈਠੀ ਸੀ, "ਚਊਂ-ਚਊਂ" ਕਰਦੀ ਉੱਠ ਕੇ ਭੱਜ ਟੁਰੀ। ਇਸ ਤਰ੍ਹਾਂ ਇਹ ਧੂਣੀਆਂ ਤਾਂ ਮਿਲ ਬੈਠਣ ਦਾ ਇੱਕ ਬਹਾਨਾ ਹੀ ਹੁੰਦਾ ਸੀ, ਨਿੱਘ ਤਾਂ ਉਹ ਲੋਕ ਗੱਲਾਂ ਦਾ ਅਤੇ ਇੱਕ ਦੂਜੇ ਨਾਲ ਮਿਲ ਬੈਠਣ ਦਾ ਹੀ ਮਾਣਦੇ ਸਨ।

## ਵਿਦੇਸ਼ੀ ਪੁਸਤਕਾਂ/ਰਿਸਾਲਿਆਂ ਵਿੱਚ ਸਭਿਆਚਾਰ ਬਾਰੇ ਖੋਜ ਭਰਪੂਰ ਲਿਖਤਾਂ

ਰਸੂਲ ਹਮਜ਼ਾਤੋਵ ਦੀ ਸੰਸਾਰ ਪ੍ਰਸਿੱਧ ਪੁਸਤਕ 'ਮੇਰਾ ਦਾਗ਼ਿਸਤਾਨ' ਬਹੁਤ ਸਾਰੇ ਪੰਜਾਬੀਆਂ ਦੀ ਨਜ਼ਰ 'ਚੋਂ ਲੰਘੀ ਹੋਵੇਗੀ, ਜੋ ਵੀ ਥੋੜ੍ਹੀ-ਬਹੁਤੀ ਸਾਹਿਤਕ ਮੱਸ ਰੱਖਦੇ ਹਨ। ਇਸ ਪੁਸਤਕ ਨੂੰ ਜੇ ਰੂਸੀ ਖਿੱਤੇ 'ਦਾਗਿਸਤਾਨ ਦੇ ਸੱਭਿਆਚਾਰ ਦਾ ਇਨਸਾਈਕਲੋਪੀਡੀਆ' ਵੀ ਕਹਿ ਲਿਆ ਜਾਵੇ ਤਾ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸੇ ਤਰਜ਼ 'ਤੇ ਹੀ ਗਿਆਨੀ ਗੁਰਦਿੱਤ ਸਿੰਘ ਵੱਲੋਂ ਪੁਸਤਕ 'ਮੇਰਾ ਪਿੰਡ' ਲਿਖੀ ਗਈ ਹੈ। ਅਮਰੀਕਾ ਦੀ 'ਯੂਨੀਵਰਸਿਟੀ ਆਫ ਟੈਕਸਾਸ ਪਰੈੱਸ' ਜੋ ਵੱਖ-ਵੱਖ ਵਿਸ਼ਿਆਂ 'ਤੇ ਹਰ ਸਾਲ ਘੱਟੋ-ਘੱਟ 90 ਪੁਸਤਕਾਂ ਛਾਪਦੀ ਹੈ ਅਤੇ ਇਸ ਦੇ ਨਾਲ ਹੀ ਇਸ ਦੇ ਵੱਲੋਂ ਵੱਖ-ਵੱਖ ਖੇਤਰਾਂ ਦੇ 11 ਖੋਜ-ਰਿਸਾਲੇ ਵੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ, ਨੇ ਸਭਿਆਚਾਰ ਬਾਰੇ ਬਹੁ-ਮੁੱਲੀਆਂ ਪੁਸਤਕਾਂ 'ਲਾਇਬ੍ਰੇਰੀਜ਼ ਐਂਡ ਕਲਚਰ' (1988-2006), 'ਇਨਫਰਮੇਸ਼ਨ ਐਂਡ ਕਲਚਰ' (2012-2019) ਅਤੇ 'ਲਾਇਬ੍ਰੇਰੀਜ਼ ਐਂਡ ਦ ਕਲਚਰਲ ਰਿਕਾਰਡ' (2006-2011) ਪ੍ਰਕਾਸ਼ਿਤ ਕੀਤੀਆਂ ਹਨ, ਜਿਨ੍ਹਾਂ ਵਿੱਚ ਸੰਸਾਰ-ਭਰ ਦੀਆਂ ਸੱਭਿਆਚਾਰਕ ਵੰਨਗੀਆਂ ਨੂੰ ਇਕੱਤਰ ਕੀਤਾ ਗਿਆ ਹੈ। ਬੀ.ਐੱਫ.ਆਰ. ਐੱਡਵਰਡਜ਼ ਦੀ 2005 ਵਿੱਚ ਛਪੀ ਪੁਸਤਕ 'ਏ ਹਿਸਟਰੀ ਆਫ ਲਾਇਬ੍ਰੇਰੀਜ਼, ਪ੍ਰਿੰਟ ਕਲਚਰ ਐਂਡ ਐਬੋਰੀਜਨਲ ਪੀਪਲਜ਼ ਇਨ ਕੈਨੇਡਾ' 1960 ਤੋਂ ਪਹਿਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਕੈਨੇਡੀਅਨ ਮੂਲ-ਵਾਸੀਆਂ ਦੇ ਸਭਿਆਚਾਰ ਨੂੰ ਬਾਖ਼ੂਬੀ ਦਰਸਾਉਂਦੀ ਹੈ। ਇਸ ਤੋਂ ਇਲਾਵਾ ਕਈ ਮਹੱਤਵਪੂਰਨ ਖੋਜ ਰਿਸਾਲਿਆਂ ਵਿੱਚ ਛਪੇ ਆਰਟੀਕਲ, ਜਿਵੇਂ "ਰੋਲ ਆਫ ਪਬਲਿਕ ਲਾਇਬ੍ਰੇਰੀਜ਼ ਇਨ ਕਲਚਰ-ਲੈੱਡ ਅਰਬਨ ਜਨਰੇਸ਼ਨ" (ਡੀ. ਸਕੌਟ-ਹੈਨਸਨ ਐਂਡ ਸੀ. ਹੈਵਨੇਗਾਰਡ ਰਸਮੁਸਨ) ਅਤੇ "ਪਬਲਿਕ ਲਾਇਬ੍ਰੇਰੀਜ਼ ਐਜ਼ ਕਰਲਚਰ ਐਂਡ ਸੋਸ਼ਲ ਸੈਂਟਰਜ਼: ਦ ਔਰਜਿਨ ਆਫ ਦ ਕਨਸੈੱਪਟ" (ਡੀ. ਡਬਲਿਊ. ਡੇਵੀਜ਼) ਇਸ ਵਿਸ਼ੇ ਉੱਪਰ ਚੋਖੀ ਰੌਸ਼ਨੀ ਪਾਉਂਦੇ ਹਨ।

## ਲਾਇਬ੍ਰੇਰੀ, ਸਭਿਆਚਾਰ ਅਤੇ ਇਤਿਹਾਸ ਨੂੰ ਸਮਰਪਿਤ ਮਹੱਤਵਪੂਰਨ ਖੋਜ-ਰਿਸਾਲਾ

ਲਾਇਬ੍ਰੇਰੀ, ਸਭਿਆਚਾਰ, ਇਤਿਹਾਸ ਅਤੇ ਸਮਾਜ ਨੂੰ ਸਹੀ ਪਰਿਪੇਖ ਵਿੱਚ ਸਮਝਣ ਲਈ ਇੱਕ ਮਹੱਤਵਪੂਰਨ ਖੋਜ-ਰਿਸਾਲਾ ਹੈ, 'ਲਾਇਬ੍ਰੇਰੀਜ਼: ਕਲਚਰ, ਹਿਸਟਰੀ ਐਂਡ ਹਿਸਟਰੀ।' ਲਾਇਬ੍ਰੇਰੀ ਵਿਗਿਆਨ ਦੇ ਵਿਸ਼ੇ ਨੂੰ ਸਮਰਪਿਤ ਅਮਰੀਕਾ ਦੀ ਪੈਨਸਿਲਵੇਨੀਆ ਯੂਨੀਵਰਸਿਟੀ ਪਰੈੱਸ ਵੱਲੋਂ ਸਾਲ ਵਿੱਚ ਦੋ ਵਾਰ ਛਾਪਿਆ ਜਾਂਦਾ ਇਹ ਖੋਜ ਰਿਸਾਲਾ ਇਤਿਹਾਸ, ਸਭਿਆਚਾਰ, ਸਾਹਿਤ, ਅਰਥ ਸ਼ਾਸਤਰ, ਸਮਾਜ ਸ਼ਾਸਤਰ, ਰਾਜਨੀਤੀ ਸ਼ਾਸਤਰ, ਸਿੱਖਿਆ, ਆਰਕੀਟੈਕਚਰ, ਐਨਥਰੋਪੌਲੋਜੀ, ਫਿਲਾਸਫੀ ਅਤੇ ਜੀਓਗਰਾਫੀ ਖੇਤਰਾਂ ਦੇ ਖੋਜ-ਪੱਤਰਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈਂਦਾ ਹੈ। ਇਹ ਅਮਰੀਕਨ ਲਾਇਬ੍ਰੇਰੀ ਐਸੋਸੀਏਸ਼ਨ ਦੇ 'ਲਾਇਬ੍ਰੇਰੀ ਹਿਸਟਰੀ ਰਾਊਂਡ ਟੇਬਲ' ਵੱਲੋਂ 'ਪੀਅਰ-ਰੀਵਿਊ' ਕੀਤਾ ਜਾਂਦਾ ਹੈ, ਭਾਵ ਇਸ ਖੋਜ-ਰਿਸਾਲੇ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਸਾਰੇ ਖੋਜ-ਪੱਤਰਾਂ ਦੀ ਗੁਣਵੱਤਾ ਛਾਪਣ ਤੋਂ ਪਹਿਲਾਂ ਅਮਰੀਕਨ ਲਾਇਬ੍ਰੇਰੀ ਐਸੋਸੀਏਸ਼ਨ ਦੇ ਇਸ ਖਾਸ ਸੰਪਾਦਕੀ-ਮੰਡਲ ਵੱਲੋਂ ਵੇਖੀ-ਪਰਖੀ ਜਾਂਦੀ ਹੈ ਅਤੇ ਇਸ ਵੱਲੋਂ ਪਾਸ ਹੋਏ ਖੋਜ-ਪੱਤਰ ਹੀ ਇਸ ਖੋਜ-ਰਿਸਾਲੇ ਵਿੱਚ ਛਾਪੇ ਜਾਂਦੇ ਹਨ। ਅਜਿਹੇ ਖੋਜ-ਰਿਸਾਲਿਆਂ ਦਾ ਆਪਣਾ ਹੀ ਵਿਸ਼ੇਸ਼ ਮਿਆਰ ਹੁੰਦਾ ਹੈ ਅਤੇ ਇਸੇ ਕਾਰਨ ਹੀ ਇਹ ਰਿਸਾਲੇ ਸਾਰੀ ਦੁਨੀਆਂ ਦੇ ਦੇਸ਼ਾਂ ਵਿੱਚ ਹਰਮਨ-ਪਿਆਰੇ ਹੁੰਦੇ ਹਨ।

## ਸਾਰ-ਅੰਸ਼

ਲਾਇਬ੍ਰੇਰੀਆਂ ਅਤੇ ਸਭਿਆਚਾਰ ਦਾ ਆਪਸੀ ਅਟੁੱਟ ਰਿਸ਼ਤਾ ਹੈ। ਦੁਨੀਆਂ ਦੇ ਕਿਸੇ ਵੀ ਖਿੱਤੇ ਜਾਂ ਦੇਸ਼ ਦੇ ਸਭਿਆਚਾਰ ਨੂੰ ਸੰਭਾਲਣ ਲਈ ਉਸ ਨੂੰ ਪੁਸਤਕ ਰੂਪ ਵਿੱਚ ਲਿਆਉਣਾ ਜ਼ਰੂਰੀ ਹੈ ਅਤੇ ਇਹ ਪੁਸਤਕਾਂ ਤੇ ਰਿਸਾਲੇ ਲਾਇਬ੍ਰੇਰੀਆਂ ਵਿੱਚ ਹੀ ਸੰਭਾਲੇ ਜਾਂਦੇ ਹਨ। ਲੋਕਧਾਰਿਕ ਜਾਂ ਮੌਖਿਕ ਰੂਪ ਵਿੱਚ ਪੀੜ੍ਹੀ-ਦਰ-ਪੀੜ੍ਹੀ ਚੱਲਿਆ ਆ ਰਿਹਾ ਸਭਿਆਚਾਰ ਸਮਾਂ ਪਾ ਕੇ ਹੌਲੀ-ਹੌਲੀ ਲੋਕਾਂ ਨੂੰ ਵਿੱਸਰ ਜਾਂਦਾ ਹੈ। ਇਸ ਦੀ ਸਹੀ ਸਾਂਭ-ਸੰਭਾਲ ਪੁਸਤਕ ਰੂਪ ਵਿੱਚ ਹੀ ਹੋ ਸਕਦੀ ਹੈ। ਛਪੀਆਂ ਹੋਈਆਂ ਪੁਸਤਕਾਂ ਅਤੇ ਰਿਸਾਲਿਆਂ ਦੇ ਨਾਲ ਨਾਲ ਇਸ ਮੰਤਵ ਲਈ ਡਿਜੀਟਲ ਮੀਡੀਆ ਵੀ ਅੱਜ ਕੱਲ੍ਹ ਆਪਣੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਪੁਰਾਤਨ ਹੱਥ-ਲਿਖਤ ਗ੍ਰੰਥਾਂ ਅਤੇ ਪੁਸਤਕਾਂ ਦੀਆਂ ਮਾਈਕ੍ਰੋਫਿਲਮਾਂ ਅਤੇ ਸੀਡੀਆਂ ਬਣਾ ਕੇ ਉਨ੍ਹਾਂ ਨੂੰ ਸੁਰਖਿਅਤ ਰੱਖਿਆ ਜਾ ਰਿਹਾ ਹੈ ਤਾਂ ਜੋ ਸਮੇਂ ਦਾ ਕਾਲ-ਚੱਕਰ ਉਨ੍ਹਾਂ ਉੱਪਰ ਆਪਣਾ ਮਾਰੂ ਪ੍ਰਭਾਵ ਨਾ ਪਾ ਸਕੇ। ਸਭਿਆਚਾਰ ਦੀ ਸਹੀ ਤਰੀਕੇ ਨਾਲ ਸੰਭਾਲ ਜ਼ਰੂਰੀ ਹੈ ਅਤੇ ਇਹ ਸਿਰਫ ਲਾਇਬ੍ਰੇਰੀਆਂ ਅਤੇ ਆਰਕਾਈਵਜ਼ ਵਿੱਚ ਹੀ ਕੀਤੀ ਜਾ ਸਕਦੀ ਹੈ।

**ਅਮਰੀਕਾ ਦੇ ਰਾਜ ਮੈਸੇਚਿਉਸੇਟਸ ਵਿੱਚ ਹਾਰਵਰਡ ਯੂਨੀਵਰਿਸਟੀ ਕੈਮਬ੍ਰਿਜ ਲਾਇਬ੍ਰੇਰੀ ਪੁਰਾਣੀ ਅਤੇ ਵੱਡੀ ਨਿੱਜੀ ਅਕਾਦਮਿਕ ਲਾਇਬ੍ਰੇਰੀ ਹੈ। ਇਹ ਆਈਵੀ ਲੀਗ ਦੀ ਮੈਂਬਰ ਹੋਣ ਦੇ ਨਾਲ ਨਾਲ ਦੁਨੀਆ ਦੀਆਂ ਸਭ ਤੋਂ ਵੱਕਾਰੀ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ। ਇਸ ਦੇ ਸੰਗ੍ਰਹਿ ਵਿੱਚ 20 ਮਿਲੀਅਨ ਤੋਂ ਵੱਧ ਖੰਡ (ਕੋਲੈਕਸ਼ਨਜ਼), 400 ਮਿਲੀਅਨ ਹੱਥ-ਲਿਖਤਾਂ, 10 ਮਿਲੀਅਨ ਫੋਟੋਆਂ ਅਤੇ ਇੱਕ ਮਿਲੀਅਨ ਨਕਸ਼ੇ ਹਨ। ਇਹ ਆਪਣੀ ਵਿਲੱਖਣ ਅਤੇ ਪ੍ਰਾਚੀਨ ਆਰਕੀਟੈਕਚਰ, ਵੱਡੀ ਜਗ੍ਹਾ ਅਤੇ ਆਲੀਸ਼ਾਨ ਅੰਦਰੂਨੀ ਦਿੱਖ ਲਈ ਵੀ ਮਸ਼ਹੂਰ ਹੈ।**



# ਤੇਲ/ਤੇਲੀ/ਤਿਲ

**ਤੇਲ, ਤੇਲੀ ਤੇ ਤਿਲਾਂ ਦੀ ਆਪਸੀ ਸਕੀਰੀ ਨੇ ਧਰਮ, ਮਿੱਥਾਂ, ਰੀਤਾਂ, ਰਸਮਾਂ, ਲੋਕਧਾਰਾ, ਵਿਸ਼ਵਾਸਾਂ ਤੇ ਖਾਣ-ਪੀਣ ਦੇ ਵੱਡੇ ਹਿੱਸੇ 'ਤੇ ਆਪਣਾ ਸਾਮਰਾਜ ਕਾਇਮ ਕੀਤਾ ਹੋਇਆ ਹੈ ਅਤੇ ਦਿਨੋ ਦਿਨ ਇਨ੍ਹਾਂ ਦਾ ਵਿਸਥਾਰ ਹੋ ਰਿਹਾ ਹੈ।**



## ਸ਼ਬਦੋ ਵਣਜਾਰਿਓ

**ਪਰਮਜੀਤ ਢੀਂਗਰਾ**
ਫੋਨ: +91-94173-58120



ਹਰ ਭਾਸ਼ਾ ਵਿੱਚ ਕੁਝ ਸ਼ਬਦ ਅਜਿਹੇ ਹੁੰਦੇ ਹਨ, ਜੋ ਨੇੜਲੀਆਂ ਭਾਸ਼ਾਵਾਂ ਨਾਲ ਸਕੀਰੀ ਰੱਖਦੇ ਹਨ। ਇਨ੍ਹਾਂ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਜਿਸ ਭਾਸ਼ਾ ਵਿੱਚ ਉਨ੍ਹਾਂ ਦੀ ਜਿੰਨੀ ਜ਼ਿਆਦਾ ਵਰਤੋਂ ਤੇ ਉਪਯੋਗਤਾ ਹੁੰਦੀ ਹੈ, ਓਨਾ ਹੀ ਉਨ੍ਹਾਂ ਦਾ ਵਿਸਥਾਰ ਹੁੰਦਾ ਜਾਂਦਾ ਹੈ। ਅਜਿਹਾ ਹੀ ਇੱਕ ਸ਼ਬਦ ਹੈ- ਤੇਲ। ਪੰਜਾਬੀ ਕੋਸ਼ਾਂ ਅਨੁਸਾਰ ਪ੍ਰਕਿਰਤ ਤੇਲ ਤੇ ਸੰ. ਤੈਲ ਤੋਂ ਇਹ ਬਣਿਆ ਹੈ, ਜਿਸ ਦਾ ਭਾਵ ਹੈ- ਬੀਆਂ ਆਦਿ ਵਿਚੋਂ ਕੱਢੀ ਥਿੰਦਿਆਈ, ਧਰਤੀ ਵਿਚੋਂ ਨਿਕਲਿਆ ਤਰਲ ਪਦਾਰਥ, ਜੋ ਬਲਣਸ਼ੀਲ ਹੁੰਦਾ ਹੈ; ਮਿੱਟੀ ਦਾ ਤੇਲ, ਪਸੀਨਾ। ਇਸ ਨਾਲ ਜੁੜਵੇਂ ਅਨੇਕਾਂ ਸ਼ਬਦ ਤੇ ਅਖਾਣ, ਮੁਹਾਵਰੇ, ਪੰਜਾਬੀ ਵਿੱਚ ਪ੍ਰਚਲਤ ਹਨ, ਜੋ ਇਸ ਦੀ ਵਿਸ਼ਾਲ ਅਰਥਸੱਤਾ ਨੂੰ ਪ੍ਰਗਟਾਉਂਦੇ ਹਨ, ਜਿਵੇਂ ਤੇਲ ਇੰਜਣ, ਗਰੀ ਦਾ ਤੇਲ, ਜੈਤੂਨ ਦਾ ਤੇਲ, ਤੇਲ ਦੇਣਾ-ਮਸ਼ੀਨਾਂ ਆਦਿ ਨੂੰ; ਤੇਲ ਫਰੋਸ਼, ਤੇਲੀ, ਤੇਲਣ, ਤੇਲੀਆ- ਤੇਲ ਵਰਗਾ ਥਿੰਦਾ ਤੇ ਚਮਕੀਲਾ, ਤੇਲੀਆ ਬੁੱਧ-ਚਤੁਰ ਤੇ ਹੁਸ਼ਿਆਰ; ਜ਼ਿਆਦਾ ਕਾਲੀ ਭਾਹ ਮਾਰਦਾ ਗੂੜ੍ਹਾ ਲਾਲ ਰੰਗ, ਇੱਕ ਜ਼ਹਿਰ, ਇੱਕ ਕਿਸਮ ਦਾ ਸੱਪ, ਇੱਕ ਬੂਟੇ ਦੀ ਜੜ੍ਹ ਵਿਚਲਾ ਜ਼ਹਿਰੀਲਾ ਪਦਾਰਥ; ਤੇਲੀਆ ਰਾਜਾ- ਤੇਲ ਵਿੱਚ ਦੇਖ ਕੇ ਪਰਾਲਬੱਧ ਦੱਸਣ ਵਾਲਾ; ਤੇਲੂ- ਤੇਲ ਦਾ, ਮੱਛੀ ਦਾ ਤੇਲ, ਸਾਨ੍ਹੇ ਦਾ ਤੇਲ, ਮਿੱਠਾ ਤੇਲ, ਕੌੜਾ ਤੇਲ, ਰਫਲ ਦਾ ਤੇਲ, ਤਿਲਹਣ ਦਾ ਤੇਲ, ਅਰਿੰਡੀ ਦਾ ਤੇਲ, ਲੌਂਗਾਂ ਦਾ ਤੇਲ, ਲਾਚੀਆਂ ਦਾ ਤੇਲ; ਤੇਲਕ- ਤੇਲ ਬਣਾਉਣ ਵਾਲਾ, "ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ॥" (ਭਗਤ ਕਬੀਰ ਜੀ)

ਤੇਲੜ- ਤਿੰਨਾਂ ਕੁੜੀਆਂ ਜਾਂ ਮੁੰਡਿਆਂ ਪਿੱਛੋਂ ਪੈਦਾ ਹੋਣ ਵਾਲਾ ਮੁੰਡਾ, ਤੇਲਾ- ਮਜੀਠ ਤੇ ਤੇਲ ਤੋਂ ਬਣਾਇਆ ਹੋਇਆ ਰੰਗ; ਇੱਕ ਲਾਲ ਧਾਗਾ; ਇਕ ਤਰ੍ਹਾਂ ਦਾ ਕੀੜਾ, ਜੋ ਫਸਲਾਂ ਖਰਾਬ ਕਰਦਾ ਹੈ; ਤੇਲੀਆ- ਫਸਲਾਂ ਦਾ ਇੱਕ ਰੋਗ, ਤੇਲਾ- ਗੀਟਿਆਂ ਦੀ ਖੇਡ ਦਾ ਤੀਜਾ ਪੜਾਅ, ਜਿਸ ਵਿੱਚ ਤਿੰਨ ਤਿੰਨ ਗੀਟੇ ਇਕੱਠੇ ਚੁੱਕੇ ਜਾਂਦੇ ਹਨ; ਮੰਜੀਆਂ ਦੀ ਇੱਕ ਬੁਣਤੀ, ਜਿਸ ਵਿੱਚ ਤਿੰਨ ਤਿੰਨ ਰੱਸੀਆਂ ਦਾ ਜੁੱਟ ਹੁੰਦਾ ਹੈ; ਤੇਲੀ ਅਥਵਾ ਕੋਹਲੂ ਦਾ ਬੈਲ, ਤੇਲੀ; ਮੋਚੀ- ਲੰਡੀ ਬੁੱਚੀ, ਤੇਲੀਆ ਕੁਮੈਤ- ਚਮਕੀਲਾ; ਕੁਮੈਤ ਰੰਗਾ ਘੋੜਾ। ਮੁਹਾਵਰਾ ਤੇ ਅਖਾਣ- ਤੇਲ ਸੜੇ ਤਾਂ ਘਿਓ, ਘਿਓ ਸੜੇ ਤਾਂ ਖੇਹ; ਤੇਲ ਹੱਟੀ ਦਾ, ਘਿਓ ਜੱਟੀ ਦਾ; ਤੇਲ ਕੱਢਣਾ/ਨਿਕਲਣਾ, ਤੇਲ ਖਾਣਾ ਤੇ ਗੁਲਗਲਿਆਂ ਤੋਂ ਪਰਹੇਜ਼, ਤੇਲ ਚੜ੍ਹਨਾ, ਤੇਲ ਚੜਾਉਣਾ/ਮਲਣਾ, ਹਲਦੀ ਆਦਿ ਮਿਲਾ ਕੇ ਵਟਣਾ ਮਲਣਾ, ਤੇਲ ਚੋਣਾ- ਇੱਕ ਰਸਮ, ਤੇਲ 'ਚੋਂ ਕੌਡੀ ਕੱਢਣਾ, ਤੇਲ ਠਕੀਣਾ- ਕੁੜਮਾਂ ਦੇ ਆਉਣ 'ਤੇ ਮੁਹਾਠਾਂ 'ਤੇ ਤੇਲ ਡੋਲ੍ਹਣਾ, "ਮਸਲਤ ਸੱਦ ਸਿਆਲਾਂ ਕੀਤੀ ਕੀਕਣ ਤੇਲ ਠਕੀਣਾ।" (ਹੀਰ ਦਮੋਦਰ)

ਤੇਲ ਤਮਾਅ ਜਾ ਕੋ ਮਿਲੇ, ਤੁਰਤ ਨਰਮ ਹੋ ਜਾਏ; ਤੇਲ ਤਿਲਾਂ ਵਿੱਚੋਂ ਹੀ ਨਿਕਲਦਾ, ਰੇਤੇ 'ਚੋਂ ਨਹੀਂ, ਤੇਲ ਦੀ ਕੜਾਹੀ ਵਿੱਚ ਪੈਣਾ, ਤੇਲ ਦੇਖੋ ਤੇਲ ਦੀ ਧਾਰ ਦੇਖੋ, ਤੇਲ ਨਿਚੋੜਨਾ, ਤੇਲਾਂ ਬਾਝ ਨਾ ਬਲਣ ਮਸ਼ਾਲਾਂ, ਦਰਦਾਂ ਬਾਝ ਨਾ ਹਾਈ, ਇਨ੍ਹਾਂ ਤਿਲਾਂ ਵਿੱਚ ਤੇਲ ਨਹੀਂ, ਬਲਦੀ 'ਤੇ ਤੇਲ ਪਾਉਣਾ, ਤੇਲੀ ਜੋੜੇ ਪਲੀ ਪਲੀ ਰਾਮ ਰੁੜਾਏ ਕੁੱਪਾ; ਤੇਲੀ ਦਾ ਤੇਲ ਬਲੇ, ਮਸ਼ਾਲਚੀ ਦਾ ਦਿਲ ਜਲੇ; ਤੇਲੀ ਦੇ ਤਿੰਨ ਮਰੇ ਉਪਰੋਂ ਟੁੱਟੀ ਲੱਠ। ਮਹਾਨ ਕੋਸ਼ ਅਨੁਸਾਰ- ਤੇਲ ਅਥਵਾ ਤੇਲੁ ਸੰ. ਤੈਲ ਭਾਵ ਤਿਲ ਦਾ ਵਿਕਾਰ, ਤਿਲਾਂ ਦੀ ਚਿਕਨਾਈ, ਹੁਣ ਸਰਸੋਂ ਆਦਿ ਦੇ ਰਸ ਨੂੰ ਵੀ ਤੇਲ ਸਦੀਦਾ ਹੈ। "ਤੇਲ ਜਲੇ ਬਾਤੀ ਠਹਰਾਨੀ" (ਭਗਤ ਕਬੀਰ ਜੀ)

ਤੇਲ ਨਾਲ ਬਹੁਤ ਸਾਰੀਆਂ ਮਿੱਥਾਂ, ਵਿਸ਼ਵਾਸ ਤੇ ਲੋਕਧਾਰਾ ਵੀ ਜੁੜੀ ਹੋਈ ਹੈ, ਜਿਵੇਂ ਕਿਹਾ ਜਾਂਦਾ ਹੈ ਕਿ ਇੱਕ ਵਾਰ ਦੇਵਤੇ ਮੱਸਿਆ ਦੀ ਰਾਤ ਨੂੰ ਹਨੇਰੇ ਵਿੱਚ ਬੈਠੇ ਵਿਚਾਰ-ਵਟਾਂਦਰਾ ਕਰ ਰਹੇ ਸਨ ਕਿ ਬਸੰਤ ਰੁੱਤ ਦੀ ਦੇਵੀ ਨੇ ਸਰੋਂ ਦੇ ਬੀਜਾਂ ਵਿੱਚੋਂ ਤੇਲ ਕੱਢ ਕੇ ਦੀਵਾ ਬਾਲਿਆ। ਦੇਵਤਿਆਂ ਨੇ ਪ੍ਰਸੰਨ ਹੋ ਕੇ ਤੇਲ ਨੂੰ ਵਰ ਦਿੱਤਾ ਕਿ ਜਿੱਥੇ ਸਰੋਂ ਦੇ ਤੇਲ ਦਾ ਦੀਵਾ ਬਲੇਗਾ, ਉਥੇ ਕੋਈ ਬਦਰੂਹ ਨਹੀਂ ਆਵੇਗੀ। ਇਸੇ ਕਰਕੇ ਪ੍ਰਸੂਤ ਦੇ ਦਿਨੀਂ ਛਿਲੇ ਵਿੱਚ ਸਰੋਂ ਦੇ ਤੇਲ ਦਾ ਦੀਵਾ ਨਿਰੰਤਰ ਬਾਲਿਆ ਜਾਂਦਾ ਹੈ। ਤੇਲ ਦੇ ਦਾਨ ਨਾਲ ਦੇਵਤੇ ਪ੍ਰਸੰਨ ਹੁੰਦੇ ਹਨ। ਮਾਘੀ ਵਾਲੇ ਦਿਨ ਤਿਲਾਂ ਦਾ ਤੇਲ ਦਾਨ ਕਰਨ ਨਾਲ ਸੰਕਟ ਦੂਰ ਹੋਣ ਦਾ ਵਿਸ਼ਵਾਸ ਹੈ, ਸ਼ਨੀਵਾਰ ਸਰੋਂ ਦਾ ਤੇਲ ਦਾਨ ਕਰਨ ਨਾਲ ਸ਼ਨੀ ਗ੍ਰਹਿ ਟਲਦਾ ਹੈ, ਤੇਲ ਵਿੱਚ ਆਪਣੀ ਛਾਇਆ ਦੇਖ ਕੇ ਦਾਨ ਕਰਨ ਨਾਲ ਸਰੀਰ ਦੇ ਰੋਗ ਮਿਟਣ ਦਾ ਵਿਸ਼ਵਾਸ ਹੈ। ਜੇ ਜ਼ਮੀਨ 'ਤੇ ਕਿਧਰੇ ਤੇਲ ਡੁਲ੍ਹਿਆ ਹੋਵੇ ਤਾਂ ਉਸ ਤੋਂ ਟਪਦੇ ਨਹੀਂ, ਧਾਰਨਾ ਇਹ ਹੈ ਕਿ ਤੇਲ ਡੋਲ੍ਹਣ ਵਾਲੇ ਦੇ ਦੁੱਖ ਉਸ ਨੂੰ ਚੰਬੜ ਜਾਂਦੇ ਹਨ। ਪੀਰਾਂ, ਫਕੀਰਾਂ ਦੇ ਮਜ਼ਾਰਾਂ ਅਤੇ ਮੜ੍ਹੀਆਂ 'ਤੇ ਵੀਰਵਾਰ ਤੇਲ ਦੇ ਦੀਵੇ ਬਾਲੇ ਜਾਂਦੇ ਹਨ। ਤੇਲ ਕਟੋਰੀ ਇੱਕ ਟੂਣਾ ਹੈ, ਜਿਸ ਵਿੱਚ ਕਟੋਰੀ ਵਿੱਚ ਤੇਲ ਪਾ ਕੇ ਮੰਤਰ ਪੜ੍ਹ ਕੇ ਫੂਕਾਂ ਮਾਰੀਆਂ ਜਾਂਦੀਆਂ ਹਨ। ਇਹ ਟੂਣਾ ਚੋਰੀ ਹੋਈਆਂ ਵਸਤਾਂ ਦੀ ਭਾਲ ਲਈ ਕੀਤਾ ਜਾਂਦਾ ਹੈ। ਤੇਲ ਪਾਉਣਾ ਇੱਕ ਗਾਲ੍ਹ ਹੈ, ਜਦੋਂ ਕਿਸੇ ਔਰਤ ਦਾ ਪਤੀ ਮਰ ਜਾਂਦਾ ਹੈ ਤਾਂ ਤੇਰਵੇਂ ਦਿਨ ਉਹਦੇ ਸਿਰ ਵਿੱਚ ਤੇਲ ਪਾਇਆ ਜਾਂਦਾ ਹੈ। ਵਿਆਹ ਦੀ ਰਸਮ ਵੇਲੇ ਤੇਲ ਚੋਇਆ ਜਾਂਦਾ ਹੈ ਤੇ ਅਸੀਸਾਂ ਦੇ ਗੀਤ ਗਾਏ ਜਾਂਦੇ ਹਨ, ਜਿਨ੍ਹਾਂ ਨੂੰ ਅਸੀਸੜੀਆਂ ਕਿਹਾ ਜਾਂਦਾ ਹੈ- "ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲ॥ ਦੇਹੁ ਸਜਣ ਅਸੀਸੜੀਆਂ ਜਿਉ ਹੋਵੈ ਸਾਹਿਬ ਸਿਉ ਮੇਲ॥" ਤੇਲ ਮੇਟ- ਬਹਾਵਲਪੁਰ ਇਲਾਕੇ ਦੀ ਵਿਆਹ ਦੀ ਇੱਕ ਰਸਮ। ਇਸ ਵਿੱਚ ਲਾੜਾ ਲਾੜੀ ਨਾਲ ਵਚਨ ਕਰਦਾ ਹੈ ਕਿ ਉਹ ਉਹਨੂੰ ਕੁਝ ਰਕਮ ਦੇਵੇਗਾ। ਇਸ ਨਾਲ ਲਾੜੀ ਆਪਣੇ ਲਈ ਤੇਲ ਤੇ ਮੇਟ ਖਰੀਦਦੀ ਹੈ।

ਉਪਰੋਕਤ ਵਿਸਥਾਰ ਤੋਂ ਭਲੀਭਾਂਤ ਪਤਾ ਲੱਗ ਜਾਂਦਾ ਹੈ ਕਿ ਤੇਲ ਸਾਡੀ ਜ਼ਿੰਦਗੀ ਵਿੱਚ ਕਿੰਨਾ ਮਹੱਤਵਪੂਰਨ ਪਦਾਰਥ ਹੈ। ਤੇਲ ਅਸਲ ਵਿੱਚ ਸੰ. ਤਿਲ ਜਾਂ ਤਿਲ: ਸ਼ਬਦ ਤੋਂ ਬਣਿਆ ਹੈ। ਇਹ ਪੌਦਿਆਂ ਦੇ ਨਿੱਕੇ ਨਿੱਕੇ ਕਣਾਂ ਅਥਵਾ ਬੀਜਾਂ ਨੂੰ ਪੀੜ ਕੇ ਕੱਢਿਆ ਜਾਂਦਾ ਹੈ। ਸਰੀਰ 'ਤੇ ਪਏ ਨਿਸ਼ਾਨ ਜਾਂ ਮੱਸਿਆਂ ਨੂੰ ਵੀ ਤਿਲ ਕਿਹਾ ਜਾਂਦਾ ਹੈ। ਜਿਵੇਂ ਗੀਤ ਹੈ- "ਤੇਰੇ ਮੁਖੜੇ ਤੇ ਕਾਲਾ ਕਾਲਾ ਤਿਲ ਵੇ, ਮੁੰਡਿਆ ਸਿਆਲਕੋਟੀਆ।" ਏਸ਼ਿਆਈ ਸਭਿਆਤਾਵਾਂ ਵਿੱਚ ਪ੍ਰਚੀਨ ਕਾਲ ਤੋਂ ਤਿਲਾਂ ਦਾ ਵਰਣਨ ਮਿਲਦਾ ਹੈ। ਅਸੀਰੀਆਈ, ਮਿਸਰ, ਹੜੱਪਾ ਸਭਿਆਤਾਵਾਂ ਦੀ ਖੁਦਾਈ ਵਿਚੋਂ ਇਸ ਤਰ੍ਹਾਂ ਦੇ ਸਬੂਤ ਮਿਲੇ ਹਨ, ਜੋ ਗਵਾਹ ਹਨ ਕਿ ਉਦੋਂ ਤਿਲਾਂ ਦੀ ਖੇਤੀ ਹੁੰਦੀ ਸੀ। ਪਿੜਾਈ ਵਿੱਚੋਂ ਨਿਕਲੇ ਪਦਾਰਥ ਨੂੰ ਸੰ. ਵਿਚ ਤੈਲਮ੍ ਕਿਹਾ ਜਾਂਦਾ ਹੈ। ਪੰਜਾਬੀ ਕੋਸ਼ਾਂ ਅਨੁਸਾਰ ਤਿਲ ਤੋਂ ਹੀ ਤੇਲ ਦੀ ਵਿਉਤਪਤੀ ਹੋਈ ਹੈ। ਤਿਲ ਦਾ ਇੱਕ ਅਰਥ ਹੀ ਥਿੰਦਾ ਕੀਤਾ ਜਾਂਦਾ ਹੈ। ਪਿੰਡੇ 'ਤੇ ਵਿਸ਼ੇਸ਼ ਕਰਕੇ ਔਰਤਾਂ ਠੋਡੀ 'ਤੇ ਤਿਲ ਖੁਣਵਾਉਂਦੀਆਂ ਹਨ। ਅੱਖ ਦੀ ਪੁਤਲੀ ਦੇ ਕਾਲੇ ਨਿਸ਼ਾਨ ਨੂੰ ਵੀ ਤਿਲ ਕਿਹਾ ਜਾਂਦਾ ਹੈ, ਪਲ ਜਾਂ ਥੋੜ੍ਹੇ ਸਮੇਂ ਲਈ 'ਤਿਲ ਕੁ' ਸ਼ਬਦ ਵਰਤਿਆ ਜਾਂਦਾ ਹੈ, "ਜੇ ਕੋ ਪਾਵੈ ਤਿਲ ਕਾ ਮਾਨੁ।" ਬਾਬਾ ਫਰੀਦ ਜੀ ਦਾ ਕਥਨ ਹੈ, "ਜੇ ਜਾਣਾ ਤਿਲ ਥੋਰੜੇ ਸਮਲ ਬੁਕ ਭਰੀਂ॥" ਇਸ ਨਾਲ ਵੀ ਬਹੁਤ ਸਾਰੇ ਸ਼ਬਦ, ਮੁਹਾਵਰੇ ਤੇ ਅਖਾਣ ਜੁੜੇ ਹੋਏ ਹਨ, ਜੋ ਇਹਦੀ ਮਹੱਤਤਾ ਦੇ ਗਵਾਹ ਹਨ, ਜਿਵੇਂ ਤਿਲਸ਼ੱਕਰੀ- ਇੱਕ ਪ੍ਰਕਾਰ ਦੀ ਮਠਿਆਈ, ਤਿਲ ਸਫੈਦ, ਤਿਲ ਸਿਆਹ, ਤਿਲ ਸਮਾਨ, ਤਿਲਕੁੱਟ, ਤਿਲ ਚਾਵਲ ਜਾਂ ਤਿਲ ਚੌਲੀ; "ਹੋਏ ਨਕਾਹ ਮੱਤੇ ਹੱਥ ਆਵੇ ਮੈਨੂੰ ਵੀ ਤਿਲ ਚਾਵਲ।"

ਤਿਲ ਚੁਗਣਾ, ਤਿਲ ਜਿਤੀ, ਤਿਲ ਤਿਲਨਾ; "ਓਹੁ ਘਟੈ ਨ ਕਿਸੈ ਦੀ ਘਟਾਈ ਇਕੁ ਤਿਲੁ ਤਿਲੁ ਤਿਲਨਾ॥" (ਗੌਂਡ ਮ. ੪)

ਤਿਲਦਾਨੀ- ਦਰਜੀ ਦੀ ਸੂਈ ਧਾਗਾ ਰਖਣ ਵਾਲੀ ਥੈਲੀ, ਤਿਲ ਪੱਟੀ-ਇੱਕ ਮਠਿਆਈ, ਤਿਲ ਫੁੱਲ, ਤਿਲ ਭਰ, ਤਿਲ ਭੁੱਗਾ, ਤਿਲ ਮਾਤਰ, ਤਿਲ ਵਟਣਾ- ਉਹ ਵਟਣਾ, ਜਿਸ ਵਿੱਚ ਹੋਰ ਚੀਜ਼ਾਂ ਨਾਲ ਤਿਲ ਵੀ ਕੁੱਟੇ ਹੋਣ। ਇਸ ਨਾਲ ਜੁੜੇ ਅਖਾਣ, ਮੁਹਾਵਰੇ- ਤਿਲ ਓਟ ਪਹਾੜ, ਤਿਲ ਸੰਘਣੇ ਵਿਰਲੀ ਕਣਕ ਮੱਝਾਂ ਦੇਵਣ ਕੱਟ, ਨੂੰਹਾਂ ਦੇਣ ਕੁੜੀਆਂ ਇਹ ਚਾਰੇ ਚੌੜ ਚਪੱਟ; ਤਿਲ ਸੁਟਿਆਂ ਭੋਂ 'ਤੇ ਪੈਣਾ, ਤਿਲ ਘਣਾ, ਮੋਠ ਛਿਦਰਾ, ਡੱਡ ਟੱਪ ਜਵਾਰ, ਕੋਈ ਕੋਈ ਬੂਟਾ ਵਾੜ ਦਾ ਕਦੀ ਨਾ ਆਵੇ ਹਾਰ; ਤਿਲ ਛਿੱਦੀ, ਧਾਨ ਸੰਘਣੀ, ਡੱਡ ਟੱਪ ਕਪਾਹ, ਝੁੰਬ ਮਾਰ ਰਜਾਈ ਦੀ ਮਕਈ ਦੇ ਜਾਹ; ਤਿਲ ਛਿੱਦੇ ਜੌਂ ਸੰਘਣੇ, ਡੱਡੂ ਟੱਪ ਜਵਾਰ, ਇੱਖ ਜਿਨ੍ਹਾਂ ਦੀ ਸੰਘਣੀ, ਘੋੜੇ ਹਿਣਕਣ ਯਾਰ; ਤਿਲ ਤਿਲ ਕਰਕੇ ਜੋੜਨਾ, ਤਿਲ ਕਰਕੇ ਮਰਨਾ, ਤਿਲ ਧਰਨ ਨੂੰ ਥਾਂ ਨਾ ਹੋਣੀ, ਤਿਲ ਭੁੰਜੇ ਨਾ ਡਿੱਗਣਾ, ਤਿਲਾਂ ਵਾਂਗ ਕੁੱਟਣਾ, ਤੇਲ ਤਾਂ ਤਿਲਾਂ 'ਚੋਂ ਨਿਕਲਦਾ।




■ ਹਨੇਰੇ ਨੂੰ ਚੀਰਦੀ ਰੌਸ਼ਨੀ: ਤੇਲ ਬਾਝ ਨਾ ਬਲਣ ਦੀਵੇ...

ਤਿਲਾਂ ਨਾਲ ਬਹੁਤ ਸਾਰੀ ਲੋਕਧਾਰਾ ਵੀ ਜੁੜੀ ਹੋਈ ਹੈ। ਇੱਕ ਮਿੱਥ ਅਨੁਸਾਰ ਤਿਲ ਵਿਸ਼ਨੂੰ ਦੇ ਉਸ ਵਾਲ ਵਿੱਚੋਂ ਉੱਗੇ, ਜੋ ਧਰਤੀ 'ਤੇ ਡਿੱਗ ਕੇ ਮੌਲ ਪਿਆ। ਫਲਸਰੂਪ ਤਿਲਾਂ ਦੇ ਦਾਨ ਤੋਂ ਵਿਸ਼ਨੂੰ ਪ੍ਰਸੰਨ ਹੁੰਦਾ ਹੈ। ਇੱਕ ਹੋਰ ਮਿੱਥ ਅਨੁਸਾਰ ਤਿਲਾਂ ਦੀ ਖੇਤੀ ਸਭ ਤੋਂ ਪਹਿਲਾਂ ਪਾਰਬਤੀ ਨੇ ਬੀਜੀ। ਉਹ ਇਸਦਾ ਵਟਣਾ ਮਲ਼ ਕੇ ਨਹਾਉਂਦੀ ਹੁੰਦੀ ਸੀ। ਇਸੇ ਵਟਣੇ ਦਾ ਪੁਤਲਾ ਬਣਾ ਕੇ ਪਾਰਬਤੀ ਨੇ ਪਹਿਰੇ ਲਈ ਗਣੇਸ਼ ਸਿਰਜਿਆ ਸੀ। ਉਤਪਾਦਨ ਲਈ ਕੀਤੀਆਂ ਜਾਂਦੀਆਂ ਰੀਤਾਂ ਵਿੱਚ ਤਿਲਾਂ ਦਾ ਵਿਸ਼ੇਸ਼ ਮਹੱਤਵ ਹੈ। ਵਿਆਹ ਵੇਲੇ ਤਿਲ-ਮੇਥਰੇ ਦੀ ਰੀਤ ਕੀਤੀ ਜਾਂਦੀ ਹੈ। ਇਸ ਦਾ ਮੰਤਵ ਪੁੱਤਰ ਉਤਪਤੀ ਹੈ, ਜੇ ਕੋਈ ਨਿਰਸੰਤਾਨ ਔਰਤ ਚਾਲੀ ਦਿਨ ਚਾਲੀ ਵੱਖ ਵੱਖ ਘਰਾਂ ਵਿੱਚੋਂ ਤਿਲ ਲਿਆ ਕੇ ਫੱਕੇ ਤਾਂ ਉਹਦੇ ਘਰ ਔਲਾਦ ਦਾ ਵਿਸ਼ਵਾਸ ਹੈ। ਇੱਕ ਹੋਰ ਧਾਰਨਾ ਅਨੁਸਾਰ ਜੇ ਹਰ ਪੂਰਨਮਾਸ਼ੀ ਨੂੰ ਤਿਲਾਂ ਦਾ ਅਰਘ ਦਿੱਤਾ ਜਾਵੇ ਤਾਂ ਚੰਨ ਵਰਗਾ ਮੁੰਡਾ ਜੰਮਦਾ ਹੈ।

ਹਿੰਦੂਆਂ ਦੀਆਂ ਰਸਮਾਂ ਵਿੱਚ ਤਿਲਾਂ ਦਾ ਖਾਸ ਸਥਾਨ ਹੈ, ਜਿਵੇਂ ਤਿਲਾਂ ਦਾ ਵਟਣਾ, ਇਨ੍ਹਾਂ ਦਾ ਜਲ ਇਸ਼ਨਾਨ, ਤਿਲਾਂ ਦੇ ਫੱਕੇ ਮਾਰਨੇ, ਤਿਲਾਂ ਦਾ ਹਵਨ, ਤਿਲਸ਼ੱਕਰੀ ਦਾ ਦਾਨ ਆਦਿ। ਮ੍ਰਿਤਕ ਲਈ ਜੋ ਪਿੰਡ ਤਿਆਰ ਕੀਤੇ ਜਾਂਦੇ ਹਨ, ਉਨ੍ਹਾਂ ਵਿੱਚ ਤਿਲ ਕੁੱਟ ਕੇ ਪਾਏ ਜਾਂਦੇ ਹਨ। ਤਿਲ ਦਾਨ ਕੀਤੇ ਜਾਂਦੇ ਹਨ, ਜਾਦੂ ਟੂਣਿਆਂ ਲਈ ਵੀ ਕਾਲੇ ਤਿਲਾਂ ਦੀ ਵਰਤੋਂ ਹੁੰਦੀ ਹੈ। ਤਿਲ-ਪੱਤਰਾ ਫੁਲਕਾਰੀ ਦੀ ਇੱਕ ਕਿਸਮ ਜੋ ਘਟੀਆ ਖੱਦਰ 'ਤੇ ਸਾਧਾਰਨ ਧਾਗਿਆਂ ਨਾਲ ਕੱਢੀ ਜਾਂਦੀ ਸੀ ਤੇ ਕੰਮੀ-ਕਮੀਣਾਂ ਨੂੰ ਤੋਹਫੇ ਵਜੋਂ ਤਿਲ-ਪੱਤਰੇ ਦਿੱਤੇ ਜਾਂਦੇ ਸਨ। ਲੋਹੜੀ ਵੇਲੇ ਤਿਲ ਅੱਗ ਵਿੱਚ ਸੁੱਟੇ ਜਾਂਦੇ ਹਨ। ਇਹ ਦਲਿਦਰ ਦੇ ਜਾਣ ਦੀ ਨਿਸ਼ਾਨੀ ਹੈ। ਲੋਕ ਗੀਤ ਹੈ, "ਜਿੰਨੇ ਜਠਾਣੀ ਤਿਲ ਸੁਟੇਗੀ, ਓਨੇ ਦਰਾਣੀ ਪੁੱਤ ਜੰਮੇਗੀ।" ਤਿਲਾਂਜਲੀ ਪਾਣੀ ਵਿੱਚ ਤਿਲ ਮਿਲਾ ਕੇ ਦੇਵਤਿਆਂ ਅਥਵਾ ਪਿੱਤਰਾਂ ਨਮਿੱਤ ਦਿੱਤੀ ਚੁਲੀ; ਦਾਹ ਸੰਸਕਾਰ ਤੋਂ ਮੁੜਦੇ ਲੋਕ ਖੂਹਾਂ, ਤਲਾਬਾਂ 'ਤੇ ਨਹਾ ਕੇ ਮ੍ਰਿਤਕ ਨਮਿੱਤ ਤਿਲਾਂਜਲੀ ਦਿੰਦੇ ਸਨ। ਪੁਰਾਣਾਂ ਵਿੱਚ ਤਿਲੋਤਮਾ ਨਾਂ ਦੀ ਇੱਕ ਅਪਸਰਾ ਦਾ ਜ਼ਿਕਰ ਵੀ ਮਿਲਦਾ ਹੈ। ਕਿਹਾ ਜਾਂਦਾ ਹੈ ਕਿ ਬ੍ਰਹਮਾ ਨੇ ਸਾਰੇ ਸੰਸਾਰ ਵਿੱਚੋਂ ਤਿਲ ਤਿਲ ਸੁੰਦਰਤਾ ਇਕੱਠੀ ਕਰਕੇ ਉਹਦੀ ਰਚਨਾ ਕੀਤੀ, ਇਸੇ ਲਈ ਉਹਦਾ ਨਾਂ ਤਿਲੋਤਮਾ ਪਿਆ। ਇਕ ਧਾਰਨਾ ਇਹ ਵੀ ਹੈ ਕਿ ਇੰਦਰ ਲੋਕ ਦੀਆਂ ਸਾਰੀਆਂ ਅਪਸਰਾਵਾਂ ਰੂਪ ਤੇ ਸੁੰਦਰਤਾ ਵਿੱਚ ਇੱਕ ਤੋਂ ਵੱਧ ਕੇ ਇੱਕ ਸਨ, ਪਰ ਇੱਕੋ ਇੱਕ ਅਜਿਹੀ ਸੁੰਦਰੀ ਸੀ ਜੋ ਰੂਪ, ਗੁਣਾਂ ਤੇ ਸੁੰਦਰਤਾ ਪੱਖੋਂ ਬੇਜੋੜ ਸੀ। ਉਹ ਤਿਲ ਤਿਲ ਸੁੰਦਰਤਾ ਜੋੜ ਕੇ ਬਣਾਈ ਗਈ ਸੀ ਅਰਥਾਤ ਤਿਲੋਤਮਾ। ਉਸ ਨੂੰ ਤ੍ਰਿਲੋਕ ਸੁੰਦਰੀ ਜਾਂ ਬ੍ਰਹਿਮੰਡੀ ਸੁੰਦਰੀ ਵੀ ਕਿਹਾ ਜਾਂਦਾ ਹੈ।

ਤਿਲੋਤਮਾ ਬਾਰੇ ਇੱਕ ਹੋਰ ਮਿੱਥ ਵੀ ਪ੍ਰਚਲਿਤ ਹੈ। ਹਿਰਣਕਸ਼ਿਅਪ ਦੀ ਕੁਲ ਵਿੱਚ ਨਿਕੁੰਭ ਨਾਂ ਦਾ ਇੱਕ ਦੈਂਤ ਹੋਇਆ। ਉਹਦੇ ਦੋ ਪੁੱਤਰ ਸਨ-ਸੁੰਭ ਤੇ ਨਿਸੁੰਭ, ਦੋਵੇਂ ਇੱਕ ਸਰੀਰ ਵਿੱਚ ਦੋ ਆਤਮਾਵਾਂ ਵਾਂਗ ਰਹਿੰਦੇ ਸਨ ਤੇ ਇੱਕ ਦੂਜੇ ਨੂੰ ਅਥਾਹ ਪਿਆਰ ਕਰਦੇ ਸਨ। ਉਨ੍ਹਾਂ ਨੇ ਤ੍ਰਿਲੋਕ 'ਤੇ ਰਾਜ ਕਰਨ ਦੀ ਇੱਛਾ ਨਾਲ ਵਿੰਧਿਆਂਚਲ ਪਰਬਤ 'ਤੇ ਘੋਰ ਤਪੱਸਿਆ ਕੀਤੀ। ਉਨ੍ਹਾਂ ਦੇ ਤੇਜ ਨੂੰ ਦੇਖ ਕੇ ਦੇਵਤੇ ਘਬਰਾ ਗਏ ਤੇ ਹਮੇਸ਼ਾਂ ਵਾਂਗ ਬ੍ਰਹਮਾ ਦੀ ਸ਼ਰਨ ਵਿੱਚ ਆਏ। ਬ੍ਰਹਮਾ ਖੁਦ ਉਨ੍ਹਾਂ ਦੇ ਸਾਹਮਣੇ ਗਏ ਤੇ ਉਨ੍ਹਾਂ ਨੂੰ ਵਰ ਮੰਗਣ ਲਈ ਕਿਹਾ। ਦੋਹਾਂ ਨੇ ਅਮਰਾਪਦ ਮੰਗਿਆ, ਪਰ ਬ੍ਰਹਮਾ ਨੇ ਸਾਫ ਇਨਕਾਰ ਕਰ ਦਿੱਤਾ। ਤਦ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵਰਦਾਨ ਦਿਓ ਕਿ ਇੱਕ ਦੂਸਰੇ ਨੂੰ ਛੱਡ ਕੇ ਤ੍ਰਿਲੋਕ ਵਿੱਚ ਉਨ੍ਹਾਂ ਨੂੰ ਕਿਸੇ ਕੋਲੋਂ ਮੌਤ ਦਾ ਭੈ ਨਾ ਰਹੇ। ਬ੍ਰਹਮਾ ਨੇ ਕਿਹਾ, ਠੀਕ ਹੈ। ਇਸ ਵਰਦਾਨ ਨਾਲ ਸੁੰਭ ਨਿਸੁੰਭ ਲੱਗੇ ਹੜਦੰਗ ਮਚਾਉਣ, ਦੇਵਤਿਆਂ 'ਤੇ ਜ਼ੁਲਮ ਕਰਦੇ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰਨ ਲੱਗੇ। ਦੇਵਤਿਆਂ ਨੇ ਫਿਰ ਬ੍ਰਹਮਾ ਦੇ ਦਰਬਾਰ ਵਿੱਚ ਜਾ ਕੇ ਦੁਹਾਈ ਦਿਤੀ। ਬ੍ਰਹਮਾ ਨੇ ਉਨ੍ਹਾਂ ਨੂੰ ਮਾਰਨ ਦੀ ਇੱਕ ਤਰਕੀਬ ਕੱਢ ਲਈ। ਉਨ੍ਹਾਂ ਨੇ ਵਿਸ਼ਵਕਰਮਾ ਨੂੰ ਕਿਹਾ ਕਿ ਇੱਕ ਪਰਮ ਸੁੰਦਰੀ ਦੀ ਰਚਨਾ ਕਰੋ। ਵਿਸ਼ਵਕਰਮਾ ਨੇ ਤ੍ਰਿਲੋਕ ਦੀ ਤਿਲ ਤਿਲ ਸੁੰਦਰਤਾ ਇਕੱਤਰ ਕੀਤੀ ਤੇ ਸੁੰਦਰਤਾ ਦਾ ਸ਼ਾਹਕਾਰ ਘੜ ਦਿੱਤਾ। ਬ੍ਰਹਮਾ ਨੇ ਉਸ ਨੂੰ ਪ੍ਰਾਣਵੰਤ ਕਰ ਦਿੱਤਾ ਤੇ ਨਾਂ ਤਿਲੋਤਮਾ ਰਖਿਆ ਅਤੇ ਉਹਨੂੰ ਦੋਹਾਂ ਭਰਾਵਾਂ ਕੋਲ ਜਾਣ ਦਾ ਆਦੇਸ਼ ਦਿੱਤਾ। ਦੋਵੇਂ ਉਸ 'ਤੇ ਮੋਹਿਤ ਹੋ ਗਏ ਤੇ ਉਹਨੂੰ ਪਾਉਣ ਲਈ ਇੱਕ ਦੂਜੇ ਦੀ ਜਾਨ ਦੇ ਪਿਆਸੇ ਹੋ ਗਏ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਤੇਲ, ਤੇਲੀ ਤੇ ਤਿਲਾਂ ਦੀ ਆਪਸੀ ਸਕੀਰੀ ਨੇ ਧਰਮ, ਮਿੱਥਾਂ, ਰੀਤਾਂ, ਰਸਮਾਂ, ਲੋਕਧਾਰਾ, ਵਿਸ਼ਵਾਸਾਂ ਤੇ ਖਾਣ-ਪੀਣ ਦੇ ਵੱਡੇ ਹਿੱਸੇ 'ਤੇ ਆਪਣਾ ਸਾਮਰਾਜ ਕਾਇਮ ਕੀਤਾ ਹੋਇਆ ਹੈ ਅਤੇ ਦਿਨੋ ਦਿਨ ਇਨ੍ਹਾਂ ਦਾ ਵਿਸਥਾਰ ਹੋ ਰਿਹਾ ਹੈ।


SHER-E-PUNJAB
SPORTS & CULTURAL SOCIETY
CINCINNATI, OH
PRESIDENT OF SHER-E-PUNJAB
CHAIRMAN OF SHER-E-PUNJAB
CHARANJIT BRAR
AMRIK TIWANA
IN THE LOVING MEMORY OF
JASDEV GILL (GOLLA)
BALBIR BATTH (BILLU)
ANCHOR
ANMOL MAVI
SPECIAL PERFORMANCE BY
RAV INDER
MANNAT NOOR
NINJA
JENNY JOHAL
KHED MELA XII
MEDIA PARTNER
Harjas TV
SATURDAY
16TH SEPT 2023
8AM - 6PM
CONCERT STARTS @ 4PM
AN EVENTFUL DAY FILLED WITH
KABADDI, SOCCER, VOLLEYBALL, CRICKET, ENTERTAINMENT GAMES FREE FOOD AND FREE PARKING
6459 MANCHESTER RD
MIDDLETOWN, OHIO 45005
PRESIDENT CHARANJIT BRAR 317-903-7400
SURJEET MAVI 513-616-4530
For more information please vist
fb.me/sherepunjabofficial
www.sherepunjabcincy.com
sherepunjabsociety@gmail.com
DESIGN AVNEESH SAGGU


SHER-E-PUNJAB SPORTS & CULTURAL CLUB
CHICAGO (MIDWEST)
PROUDLY PRESENTS
It's a JAI SINGH Presentation
TEG Live
NATIONAL SPONSOR
FUSION GROUP GAMES
ਪੰਜਾਬ ਬੋਲਦਾ
PUNJAB BOLDA
RANJIT BAWA
LIVE IN CONCERT
AUGUST 26
SATURDAY 7PM
Amritpal Gill
President
920-460-1001
Amarjit Sandhar
Chairman
Gurinderjit Grewal
Event Director
Chief Guest
Dhindsa Brothers
Amarjit Dhindsa
Lakhbir Dhindsa
@ NORTH SHORE CENTER
FOR THE PERFORMING ARTS IN SKOKIE
9599 SKOKIE BLVD., SKOKIE, IL 60099
ਸ਼ਿਕਾਗੋ ਵਿੱਚ ਰਣਜੀਤ ਬਾਵਾ ਦਾ ਸ਼ੋਅ ਸ਼ਨਿੱਚਰਵਾਰ, 26 ਅਗਸਤ ਨੂੰ ਸ਼ਾਮ 7 ਵਜੇ
Tickets: $100, $75 and $50
https://www.ticketmaster.com/event/07005F01BC213AEF
For Online Tickets, Call: 847-673-6300 (Tue.-Sat.: 11am to 5pm)
ਵਲੋਂ: ਸਮੂਹ ਮੈਂਬਰਾਨ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ (ਮਿੱਡਵੈਸਟ)
Amardev Singh Bandesha 708-612-7963
Darshan Singh Pamma 847-561-7101
Lakhwinder Singh 815-690-0941
Gurdev Singh Gill 847-271-7451
Parminder Singh Walia 847-477-1613
Balwinder Singh Chatha 630-523-3412
Hardeep Singh Bandesha 815-546-0525
Manjinder Singh Cheema 815-261-2148
Amarjit Singh Bandesha 815-474-5424